ਹਫਤਾਵਾਰੀ
# ਦੇਸ਼ ਦੁਆਬਾ

VOL - 3 ISSUE - 26
February 26, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

ਸ੍ਰੀ ਗੁਰੂ ਰਵਿਦਾਸ ਗੁਰਪੁਰਬ
ਮਨਾਏ ਜਾਣ ਸਬੰਧੀ ਵੇਰਵਾ
ਫਰਿਜ਼ਨੋ ਵਿਖੇ 1 ਮਾਰਚ, 2015
ਸੈਕਰਾਮੈਂਟੋ ਵਿਖੇ 8 ਮਾਰਚ, 2015
ਸੈਲਮਾ ਵਿਖੇ 15 ਮਾਰਚ, 2015
ਮੁਕੰਮਲ ਜਾਣਕਾਰੀ ਲਈ ਉਪਰੋਕਤ
ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ। -ਸੰਪਾਦਕ



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ 8 ਮਾਰਚ ਨੂੰ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਗੁਰਪੁਰਬ ਅਤੇ ਨਗਰ-ਕੀਰਤਨ ਦੀਆਂ ਤਿਆਰੀਆਂ ਜੋਰਾਂ ਤੇ

## ਬੇ-ਏਰੀਆ (ਕੈਲੇਫੋਰਨੀਆ) ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 638ਵਾਂ ਗੁਰਪੁਰਬ ਦਿਹਾੜਾ





**ਯੂਨੀਅਨ ਸਿਟੀ (ਦੇਸ਼ ਦੁਆਬਾ ਬਿਊਰੋ)**- ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ 22 ਫਰਵਰੀ 2015 ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਇੱਥੇ ਇਹ ਵਰਣਨਯੋਗ ਹੈ ਕਿ ਇਹ ਪਹਿਲੀ ਵਾਰ ਹੈ ਕਿ ਸਭਾ ਅਤੇ ਸਮੂਹ ਸੰਗਤ ਨੇ ਰਲ-ਮਿਲ ਕੇ ਗੁਰੂ ਘਰ ਲਈ ਖਰੀਦੀ ਪ੍ਰਾਪਰਟੀ 'ਚ ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ ਮਨਾਇਆ। ਇਸ ਸਬੰਧਤ ਐਤਵਾਰ 22 ਫਰਵਰੀ ਨੂੰ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਆਰੰਭ ਹੋਏ। ਇਸ (ਬਾਕੀ ਸਫਾ 12 ਤੇ ਦੇਖੋ)

## ਰਾਸ਼ਟਰਪਤੀ ਓਬਾਮਾ ਨੇ ਭਾਰਤ ਦੀ ਦਾਅਵੇਦਾਰੀ ਦਾ ਕੀਤਾ ਸਮਰਥਨ

**ਵਾਸ਼ਿੰਗਟਨ-** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਸਥਾਈ ਮੈਂਬਰਸ਼ਿਪ ਲਈ ਭਾਰਤ ਦੀ ਦਾਅਵੇਦਾਰੀ ਦਾ ਸਮਰਥਨ ਕੀਤਾ ਹੈ। ਵਾਈਟ ਹਾਊਸ ਦੇ ਪ੍ਰੈਸ ਸਕੱਤਰ ਜੋਸ਼ ਅਰਨੈਸਟ ਨੇ ਕਿਹਾ ਕਿ ਜਿੱਥੋਂ ਤੱਕ ਸੁਰੱਖਿਆ ਪ੍ਰੀਸ਼ਦ ਵਿਚ ਭਾਰਤ ਦੀ ਮੈਂਬਰਸ਼ਿਪ ਦੀ ਗੱਲ ਹੈ ਤਾਂ ਰਾਸ਼ਟਰਪਤੀ ਓਬਾਮਾ ਇਸ ਦਾ ਸਮਰਥਨ ਕਰਦੇ ਹਨ।

ਅਰਨੈਸਟ ਨੇ ਕਿਹਾ ਕਿ ਉਨ੍ਹਾਂ ਦੇ ਕੋਲ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਸੁਧਾਰਾਂ ਜਾਂ ਇਨ੍ਹਾਂ ਸੁਧਾਰਾਂ 'ਚੋਂ ਕੁਝ ਨੂੰ ਲਾਗੂ ਕਰਨ ਸੰਬੰਧੀ ਕੋਈ ਤਾਜ਼ਾ



ਜਾਣਕਾਰੀ ਨਹੀਂ ਹੈ। ਓਬਾਮਾ ਨੇ ਪਿਛਲੇ ਮਹੀਨੇ ਭਾਰਤ ਦੀ ਆਪਣੀ ਯਾਤਰਾ ਦੌਰਾਨ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਸਥਾਈ ਮੈਂਬਰਸ਼ਿਪ ਦੇ ਤੌਰ 'ਤੇ ਭਾਰਤ ਦੀ ਦਾਅਵੇਦਾਰੀ ਨੂੰ ਸਮਰਥਨ ਦੇਣ ਦੀ ਗੱਲ ਕਹੀ ਸੀ।

ਅਮਰੀਕੀ ਰਾਸ਼ਟਰਪਤੀ ਨੇ ਸੰਸਦ ਵਿਚ ਕਿਹਾ ਸੀ ਕਿ ਉਹ ਅੱਜ ਇਹ ਕਹਿ ਸਕਦੇ ਹਨ ਕਿ ਆਉਣ ਵਾਲੇ ਸਾਲਾਂ ਵਿਚ ਉਹ ਸੁਰੱਖਿਆ ਪ੍ਰੀਸ਼ਦ ਵਿਚ ਸੁਧਾਰ ਦੇਖਣਾ ਚਾਹੁੰਦੇ ਹਨ ਅਤੇ ਚਾਹੁੰਦੇ ਹਨ ਕਿ ਭਾਰਤ ਇਸ ਦਾ ਇਕ ਸਥਾਈ ਮੈਂਬਰ ਹੋਵੇ।

## ਗੋਰਿਆਂ ਦੀ ਫੌਜ 'ਚ ਮੁੜ ਸ਼ਾਮਲ ਹੋਵੇਗੀ ਸਿੱਖ ਰੈਜ਼ੀਮੈਂਟ



**ਲੰਡਨ-** ਬ੍ਰਿਟੇਨ ਦੀ ਫੌਜ ਪਹਿਲਾਂ ਦੀ ਬ੍ਰਿਟਿਸ਼ ਭਾਰਤੀ ਫੌਜ ਦੀ ਤਰਜ 'ਤੇ ਸਿੱਖ ਰੈਜੀਮੈਂਟ ਨੂੰ ਫਿਰ ਤੋਂ ਸਥਾਪਿਤ ਕਰਨ ਦੇ ਪ੍ਰਸਤਾਵ 'ਤੇ ਵਿਚਾਰ ਕਰ ਰਹੀ ਹੈ। ਬ੍ਰਿਟੇਨ ਦੇ ਫੌਜੀ ਦਸਤੇ ਮਾਮਲਿਆਂ ਦੇ ਮੰਤਰੀ ਮਾਰਕ ਫ੍ਰਾਂਕਵਾਇਸ ਨੇ ਕਿਹਾ ਕਿ ਚੀਫ ਆਫ ਜਨਰਲ ਸਟਾਫ ਜਨਰਲ ਸਰ ਨਿਕੋਲਸ ਕਾਰਟਰ ਸਿੱਖ ਯੂਨਿਟ ਦੀ ਸੰਭਾਵਨਾ 'ਤੇ ਗੌਰ ਕਰ ਰਹੇ ਹਨ ਅਤੇ ਇਹ ਪੂਰੀ ਤਰ੍ਹਾਂ ਯੋਗਤਾ 'ਤੇ ਆਧਾਰਿਤ ਹੋ ਸਕਦੀ ਹੈ।

ਉਨ੍ਹਾਂ ਨੇ ਕਿਹਾ ਕਿ ਇਹ ਨਵੀਂ ਫੌਜੀ ਇਕਾਈ ਆਪਣੇ ਨਾਲ 'ਸਿੱਖ ਰੈਜੀਮੈਂਟ ਦੀਆਂ ਕਈ ਮਾਣਮੱਤੀ ਰਸਮਾਂ ਨੂੰ ਇਕੱਠਾ ਕਰਕੇ ਹੋਵੇਗੀ।' ਸੰਸਦ 'ਚ ਰੱਖਿਆ ਨਾਲ ਜੁੜੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਾਬਕਾ ਰੱਖਿਆ ਮੰਤਰੀ ਨਿਕੋਲਸ ਸੋਮੇਸ ਨੇ ਮੰਤਰੀਆਂ ਨੂੰ ਅਪੀਲ ਕੀਤੀ ਕਿ ਉਹ ਸਿੱਖ ਰੈਜ਼ੀਮੈਂਟ ਦੀ ਸਥਾਪਨਾ ਕਰਨ। ਉਨ੍ਹਾਂ ਨੇ ਫ੍ਰਾਂਕਵਾਇਸ ਨੂੰ ਕਿਹਾ ਕਿ ਤੁਸੀਂ ਇਸ ਤੋਂ ਜਾਣੂ ਹੋਵੋਗੇ ਕਿ ਸਿੱਖ ਭਾਈਚਾਰੇ ਨੇ ਪੀੜ੍ਹੀ ਦਰ ਪੀੜ੍ਹੀ ਇਸ ਦੇਸ਼ ਦੀ ਸੇਵਾ ਕੀਤੀ ਹੈ।

## ਮੋਦੀ ਸਰਕਾਰ ਦਾ ਐਲਾਨ, ਜੰਮੂ-ਕਸ਼ਮੀਰ 'ਚ ਨਹੀਂ ਹਟੇਗੀ ਸੰਵਿਧਾਨ ਦੀ ਧਾਰਾ 370

**ਨਵੀਂ ਦਿੱਲੀ-** ਮੋਦੀ ਸਰਕਾਰ ਨੇ ਜੰਮੂ-ਕਸ਼ਮੀਰ 'ਚ ਧਾਰਾ 370 ਨਾ ਹਟਾਉਣ ਦਾ ਫੈਸਲਾ ਲਿਆ ਹੈ। ਜੰਮੂ ਕਸ਼ਮੀਰ 'ਚ ਭਾਜਪਾ ਅਤੇ ਪੀ.ਡੀ.ਪੀ ਦੀ ਸਰਕਾਰ ਬਣਨ ਤੋਂ ਪਹਿਲਾਂ ਰਾਜਸਭਾ 'ਚ ਸਰਕਾਰ ਨੇ ਕਿਹਾ ਹੈ ਕਿ ਜੰਮੂ-ਕਸ਼ਮੀਰ 'ਚ ਧਾਰਾ 370 ਨਹੀਂ ਹਟਾਈ ਜਾਵੇਗੀ। ਗ੍ਰਹਿ ਰਾਜ ਮੰਤਰੀ ਹਰਿਭਾਈ ਚੌਧਰੀ ਨੇ ਰਾਜਸਭਾ 'ਚ ਲਿਖਤੀ ਜਵਾਬ 'ਚ ਕਿਹਾ ਕਿ ਇਹ ਧਾਰਾ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦਿੰਦੀ ਹੈ। ਦਸ ਦਈਏ ਕਿ ਭਾਜਪਾ ਦੀ ਰਾਜਨੀਤੀ ਦੇ ਜੋ ਤਿੰਨ ਮੁੱਖ ਵਿਵਾਦਿਤ ਮੁੱਦਿਆਂ 'ਚ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਉਣਾ ਵੀ ਇਕ ਹੈ, ਪਰ ਜੰਮੂ-ਕਸ਼ਮੀਰ 'ਚ ਸਾਂਝਾ ਸਰਕਾਰ ਵਲ ਵਧਣ ਤੋਂ ਬਾਅਦ ਮੋਦੀ ਸਰਕਾਰ ਨੇ ਕਿਹਾ ਕਿ 370 ਬਣੀ ਰਹੇਗੀ। ਇਕ ਮਾਰਚ ਨੂੰ ਜੰਮੂ-ਕਸ਼ਮੀਰ 'ਚ ਮੁਫਤੀ ਮੁਹੰਮਦ ਸਈਦ ਸੀ.ਐਮ ਬਣਨ ਵਾਲੇ ਹਨ ਅਤੇ ਭਾਜਪਾ ਉਸ ਗਠਬੰਧਨ ਸਰਕਾਰ ਦਾ ਹਿੱਸਾ ਬਣੇਗੀ। ਧਾਰਾ 370- ਭਾਰਤੀ ਸੰਵਿਧਾਨ ਦੇ ਤਹਿਤ ਜੰਮੂ-ਕਸ਼ਮੀਰ ਦਾ ਵਖਰਾ ਸੰਵਿਧਾਨ ਹੈ। ਇਸੇ ਧਾਰਾ ਦੇ ਤਹਿਤ ਜੰਮੂ-ਕਸ਼ਮੀਰ ਨੂੰ ਸਵਾਇਤ ਰਾਜ ਦਾ ਦਰਜਾ ਅਤੇ ਵਿਸ਼ੇਸ਼ ਅਧਿਕਾਰ ਮਿਲੇ ਹਨ। ਇਸ ਦੇ ਤਹਿਤ, ਵਿੱਤ, ਰੱਖਿਆ ਅਤੇ ਦੂਰ ਸੰਚਾਰ ਨੂੰ ਛੱਡ ਕੇ ਬਾਕੀ ਵਿਭਾਗਾਂ 'ਚ ਕੇਂਦਰ ਦਾ ਕਾਨੂੰਨ ਲਾਗੂ ਕਰਨ ਲਈ ਰਾਜ ਸਰਕਾਰ ਦੀ ਮਨਜ਼ੂਰੀ ਜ਼ਰੂਰੀ ਹੁੰਦੀ ਹੈ। ਇਸ ਦੇ ਤਹਿਤ ਰਾਜ ਦੇ ਬਾਹਰ ਦਾ ਨਾਗਰਿਕ ਜਾਇਦਾਦ ਵੀ ਨਹੀਂ ਖਰੀਦ ਸਕਦਾ। ਇੱਥੇ ਆਜ਼ਾਦੀ ਦੇ ਬਾਰੇ ਤੋਂ ਹੀ ਇਹ ਵਿਵਸਥਾ ਅਸਥਾਈ ਤੌਰ 'ਤੇ ਲਾਗੂ ਹੈ।



Prime Real Estate Services
Kulwinder Singh Realtor
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991



KSR AUTO REPAIR Complete Auto Repair Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager
50 % Off On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674



HAPPY TRAVELS AGENCY
Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fiji, Uk, Europe and All Over The World
Email: happytravelsusa@yahoo.com
PHONE: 209-594-8473
E-FAX: 877-623-6177
Harjit (Happy) Agency Owner HappyTravels Agency
1743 GRAND CANAL BLVD 12 STOCKTON, CA 95207



MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434




SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੀਫੋਰਨੀਆ



ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਮਾਰਚ 1, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀਆਂ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ 27 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 11.00 ਵਜੇ
28 ਫਰਵਰੀ (ਦਿਨ ਸ਼ਨੀਚਰਵਾਰ) ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ
ਭੋਗ ਸ੍ਰੀ ਅਖੰਡ ਪਾਠ ਸਾਹਿਬ 1 ਮਾਰਚ 2015 ਐਤਵਾਰ, ਸਵੇਰੇ 9.30 ਵਜੇ

ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।


ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ

**559-486-3091** **ਸਮੂਹ ਪ੍ਰਬੰਧਕ ਕਮੇਟੀ**

**Shri Guru Ravidass Sabha (CV) Fresno (California)**
**5025 S. Cherry Ave., Fresno (California) 93706**

# ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ, ਯੂਬਾ ਸਿਟੀ, ਕੈਲੀਫੋਰਨੀਆ



## ਧੰਨ ਧੰਨ ਮਹਾਂਰਿਸੀ ਵਾਲਮੀਕ ਜੀ ਦੀ ਜੈ

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਯੂਬਾ ਸਿਟੀ, ਵੱਲੋਂ ਮਹਾਂਰਿਸ਼ੀ ਵਾਲਮੀਕ ਜੀ ਦੀ ਪਵਿੱਤਰ ਮੂਰਤੀ ਸਥਾਪਨਾ 1 ਮਾਰਚ ਦਿਨ ਐਤਵਾਰ ਨੂੰ ਕੀਤੀ ਜਾ ਰਹੀ ਹੈ। ਇਸ ਮੌਕੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਉਹ ਇਸ ਪਵਿੱਤਰ ਮੌਕੇ ਤੇ ਹਾਜ਼ਰ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਪਵਿੱਤਰ ਰਮਾਇਣ ਜੀ ਦਾ ਪਾਠ
27 ਅਤੇ 28 ਫਰਵਰੀ (ਦਿਨ ਸ਼ੁੱਕਰਵਾਰ)
10 ਤੋਂ 12 ਵਜੇ ਸਵੇਰੇ ਹੋਣਗੇ
1 ਮਾਰਚ (ਦਿਨ ਐਤਵਾਰ) 12 ਵਜੇ ਦੁਪਹਿਰ
ਭਗਵਾਨ ਵਾਲਮੀਕ ਜੀ ਦੀ ਮੂਰਤੀ ਸਥਾਪਨਾ ਹੋਵੇਗੀ




ਭਗਵਾਨ ਵਾਲਮੀਕ ਟੈਂਪਲ ਯੂਬਾ ਸਿਟੀ ਦੇ ਅਹੁਦੇਦਾਰ ਅਤੇ ਹੋਰ, ਦੀ ਇਕ ਯਾਦਗਾਰੀ ਤਸਵੀਰ

ਹੋਰ ਜਾਣਕਾਰੀ ਲਈ ਸੰਪਰਕ ਕਰੋ

**Prem Sondhi President 530-751-3887,**
**Sohan Lal Sahota Secretary 530-674-9766**

**ਸਮੂਹ ਪ੍ਰਬੰਧਕ ਕਮੇਟੀ**

**ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ, ਯੂਬਾ ਸਿਟੀ, ਕੈਲੀਫੋਰਨੀਆ**

# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ. ਵੱਲੋਂ ਮੂਰਤੀ ਸਥਾਪਨਾ 1 ਮਾਰਚ ਨੂੰ

**ਯੂਬਾ ਸਿਟੀ (ਕੈਲੇਫੋਰਨੀਆ)–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਯੂਬਾ ਸਿਟੀ (ਕੈਲੇਫੋਰਨੀਆ) ਵੱਲੋਂ ਭਗਵਾਨ ਵਾਲਮੀਕ ਜੀ ਦੀ ਮੂਰਤੀ ਸਥਾਪਨਾ 1 ਮਾਰਚ ਨੂੰ ਭਗਵਾਨ ਵਾਲਮੀਕ ਮੰਦਰ ਯੂਬਾ ਸਿਟੀ ਵਿਖੇ ਕੀਤੀ ਜਾ ਰਹੀ ਹੈ। ਇਸ ਸਬੰਧਤ ਸਭਾ ਦੇ ਪ੍ਰਧਾਨ ਪ੍ਰੇਮ ਸੌਂਧੀ ਜੀ ਨੇ ਦੱਸਿਆ ਕਿ ਪਵਿੱਤਰ ਗ੍ਰੰਥ ਰਮ–ਾਇਣ ਦਾ ਪਾਠ ਕ੍ਰਮਵਾਰ 27 ਤੇ 28 ਫਰਵਰੀ ਨੂੰ ਸਵੇਰੇ 10 ਤੋਂ 12 ਵਜੇ ਤੱਕ ਹੋਵੇਗਾ। ਠੀਕ ਇਸੇ ਤਰ੍ਹਾ 1 ਮਾਰਚ ਨੂੰ 10 ਤੋਂ 12 ਵਜੇ ਤੱਕ ਪਾਠ ਹੋਵੇਗਾ, ਇਸ ਉਪਰੰਤ 12 ਵਜੇ ਮੂਰਤੀ ਦੀ ਸਥਾਪਨਾ ਕੀਤੀ ਜਾਵੇਗੀ। । ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਨੇ ਇਸ ਮੌਕੇ ਸਮੂਹ ਸਾਧ ਸੰਗਤ ਨੂੰ ਇਸ ਪਵਿੱਤਰ ਮੌਕੇ ਤੇ ਹਾਜ਼ਰ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਕੀਤੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਪ੍ਰਧਾਨ ਪ੍ਰੇਮ ਸੌਂਧੀ ਜੀ ਨਾਲ 530-751-3887 ਤੇ ਸੰਪਰਕ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਅੰਦਰ ਇਸ਼ਤਿਹਾਰ ਦੇਖੋ।







## ਬਸੰਤ ਕੀਰਤਨ ਦਰਬਾਰ 1 ਮਾਰਚ ਨੂੰ

**ਸੈਕਰਾਮੈਂਟੋ, ਕੈਲੀਫੋਰਨੀਆ–** ਸ੍ਰੀ ਗੁਰੂ ਨਾਨਕ ਸਾਧ ਸੰਗਤ ਕੈਲੀਫੋਰਨੀਆ ਦੇ ਉਦਮਾਂ ਸਦਕਾ ਬਸੰਤ ਕੀਰਤਨ ਦਰਬਾਰ ਜੋ ਵਿਸਮਾਦ ਅਕੈਡਮੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਮਿਸ਼ਨ ਸਹਾਰਾ ਦੇ ਸਹਿਯੋਗ ਨਾਲ 1 ਮਾਰਚ 2015 ਨੂੰ ਆਯੋਜਿਤ ਕੀਤਾ ਜਾ ਰਿਹਾ ਹੈ। ਧਾਰਮਿਕ ਪ੍ਰੋਗਰਾਮ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਤ ਸੰਗਤ ਆਫ (ਕੈਲੀਫੋਰਨੀਆ) 8132 ਐਲਸੀ ਐਵੇਨਿਊ ਸੈਕਰਾਮੈਂਟੋ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਭਾਈ ਤੇਜਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਹਰਲੋਵ ਸਿੰਘ ਵਿਸਮਾਦ ਅਕੈਡਮੀ ਸੈਕਰਾਮੈਂਟੋ, ਭਾਈ ਹਰਬਲਜੀਤ ਸਿੰਘ ਪਿਪਲੀ ਵਾਲੇ, ਭਾਈ ਆਤਮਜੀਤ ਸਿੰਘ ਯੂਬਾ ਸਿਟੀ, ਭਾਈ ਮਨਜੀਵ ਸਿੰਘ ਫਰੀਮਾਂਟ, ਭਾਈ ਬਿਕਰਮ ਸਿੰਘ ਸੈਨਹੋਜ਼ੇ, ਬੀਬੀ ਪੂਜਾ ਕੌਰ ਫਰੀਮਾਂਟ, ਬੀਬੀ ਪ੍ਰੀਤਵੀਰ ਕੌਰ ਵਿਸਮਾਂਦ ਅਕੈਡਮੀ, ਭਾਈ ਫਤਿਹ ਸਿੰਘ ਸੈਕਰਾਮੈਂਟੋ ਵਾਲੇ ਕੀਰਤਨ ਅਤੇ ਗੁਰਬਾਣੀ ਦੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ 916-997-3366 ਜਾਂ 916-496-3359, 617-653-0887 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰੂ ਰਵਿਦਾਸ ਟੈਂਪਲ (ਸੈਕਰਾਮੈਂਟੋ) ਰਿਓਲਿੰਡਾ ਵਿਖੇ ਨਗਰ ਕੀਰਤਨ ਸਬੰਧੀ ਬੀਬੀਆਂ ਵੱਲੋਂ ਅਖੰਡ ਪਾਠ ਸਾਹਿਬ ਕਰਵਾਏ








**ਰਿਓਲਿੰਡਾ (ਸੈਕਰਾਮੈਂਟੋ)–** ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ (ਰਿਓਲਿੰਡਾ) ਵਿਖੇ 8 ਮਾਰਚ ਨੂੰ ਕੱਢੇ ਜਾ ਰਹੇ ਨਗਰ ਕੀਰਤਨ ਦੇ ਸਬੰਧ ਵਿਚ ਚੱਲ ਰਹੀ ਅਖੰਡ ਪਾਠ ਸਾਹਿਬ ਦੀ ਲੜੀ ਵਿਚੋਂ 20 ਫਰਵਰੀ ਦਿਨ ਸ਼ੁੱਕਰਵਾਰ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ 22 ਫਰਵਰੀ ਦਿਨ ਐਤਵਾਰ ਨੂੰ ਪਾਏ ਗਏ। ਇਹ ਸੇਵਾ ਗੁਰੂ ਘਰ ਦੀਆਂ ਬੀਬੀਆਂ ਵੱਲੋਂ ਲਈ ਗਈ ਸੀ। ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ, ਭਾਈ ਦਲਜੀਤ ਸਿੰਘ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਰਾਜ ਕੁਮਾਰ ਸੂਦ ਨੇ ਵੀ ਇਕ ਸ਼ਬਦ ਰਾਹੀਂ ਹਾਜ਼ਰੀ ਲਵਾਈ। ਬੀਬੀ ਸੋਮਾ ਰਾਣੀ ਨੂੰ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਟੇਜ ਦੀ ਸੇਵਾ ਜੀਵਨ ਰੱਤੂ ਨੇ ਨਿਭਾਈ।

ਇਸ ਤੋਂ ਪਹਿਲਾਂ ਦਿਨ ਵੀਰਵਾਰ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ ਦਿਨ ਸ਼ਨੀਵਾਰ 21 ਫਰਵਰੀ ਨੂੰ ਪਾਏ ਗਏ। ਜਿਸ ਦੀ ਸੇਵਾ ਗੁਰੂ ਘਰ ਦੇ ਸਾਬਕਾ ਚੇਅਰਮੈਨ ਲਸ਼ਕਰ ਸਿੰਘ ਬੱਧਣ ਪਰਿਵਾਰ ਵੱਲੋਂ ਕੀਤੀ ਗਈ। ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਜਸਪਾਲ ਸਿੰਘ ਨੇ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਗੁਰੂ ਘਰ ਦੇ ਚੇਅਰਮੈਨ ਜਸਵਿੰਦਰ ਬੰਗਾ ਨੇ ਵੀ ਆਪਣੇ ਵਿਚਾਰਾਂ ਨਾਲ ਸੰਗਤਾਂ ਨਾਲ ਸਾਂਝ ਪਾਈ। ਇਸ ਦਿਨ ਅਖੰਡ ਪਾਠ ਸਾਹਿਬ ਦੀ ਸੇਵਾ ਲਸ਼ਕਰ ਸਿੰਘ ਬੱਧਣ ਨੂੰ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਗੁਰੂ ਘਰ ਦੀ ਕਮੇਟੀ ਅਤੇ ਸੰਗਤਾਂ ਵੱਲੋਂ ਸਾਰਿਆਂ ਨੂੰ ਬੇਨਤੀ ਹੈ ਕਿ 8 ਮਾਰਚ 2015 ਨੂੰ ਕੱਢੇ ਜਾ ਰਹੇ ਨਗਰ ਕੀਰਤਨ ਵਿਚ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਇਹ ਜਾਣਕਾਰੀ ਜਸਵੰਤ ਜੱਸੀ ਸ਼ੀਮਾਰ (916-293-6030) ਵੱਲੋਂ ਜਾਰੀ ਕੀਤੀ ਗਈ।



# ਤੇਜਿੰਦਰ ਸਿੰਘ ਲਾਲੀ ਅਤੇ ਰਣਬੀਰ ਸਿੰਘ ਲਾਲੀ ਪਰਿਵਾਰ ਵੱਲੋਂ ਯੂਬਾ ਸਿਟੀ ਗੁਰੂ ਘਰ ਵਿਖੇ ਅਖੰਡ ਪਾਠ ਦੀ ਸੇਵਾ









**ਯੂਬਾ ਸਿਟੀ (ਦਲਵਿੰਦਰ ਰੱਲ੍ਹ)–** ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਗੁਰਸਿੱਖ ਪਿਆਰੇ ਪਰਿਵਾਰ ਸ: ਤੇਜਿੰਦਰ ਸਿੰਘ ਅਤੇ ਸ: ਤਜਿੰਦਰ ਸਿੰਘ ਅਤੇ ਰਣਬੀਰ ਸਿੰਘ ਪਰਿਵਾਰ ਵੱਲੋਂ 22 ਫਰਵਰੀ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਅਤੇ ਭਾਈ ਖਾਖਰ ਸਿੰਘ ਜੀ ਦੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਕਵੀ ਗੁਰਦੀਪ ਸਿੰਘ ਹੀਰਾ ਨੇ ਧਾਰਮਿਕ ਕਵਿਤਾਵਾਂ ਨਾਲ ਆਪਣੀ ਸਾਂਝ ਪਾਈ।

ਸਟੇਜ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਬਾਖੂਬੀ ਨਾਲ ਨਿਭਾਉਂਦਿਆਂ ਸਭਨਾਂ ਸੰਗਤਾਂ ਤੇ ਤੇਜਿੰਦਰ ਸਿੰਘ ਤੇ ਰਣਬੀਰ ਸਿੰਘ ਪਰਿਵਾਰ ਦਾ ਅਖੰਡ ਪਾਠ ਦੀ ਸੇਵਾ ਲਈ ਕੋਟਿਨ ਕੋਟਿ ਧੰਨਵਾਦ ਕੀਤਾ।

ਅਖੀਰ ਵਿਚ ਇਹਨਾਂ ਗੁਰਸਿੱਖ ਪਰਿਵਾਰਾਂ ਤੇਜਿੰਦਰ ਸਿੰਘ ਲਾਲੀ ਅਤੇ ਰਣਬੀਰ ਸਿੰਘ ਲਾਲੀ ਜੀ ਤੇ ਉਹਨਾਂ ਦੇ ਮਾਤਾ ਜੀ ਗੁਰਦੀਪ ਕੌਰ ਦਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਨਾਲ ਧੰਨਵਾਦ ਕੀਤਾ। ਇਸ ਉਪਰੰਤ ਗੁਰੂ ਕੇ ਕੜਾਹ ਪ੍ਰਸ਼ਾਦ ਤੇ ਅਤੁੱਟ ਲੰਗਰ ਵਰਤਾਏ ਗਏ।



# ਸਤਨਾਮ ਸਿੰਘ ਮੰਢਾਲੀ ਦੇ ਪਿਤਾ ਜੀ ਦਾ ਦੇਹਾਂਤ

## ਮੰਢਾਲੀ ਪਰਿਵਾਰ ਨੂੰ ਗਹਿਰਾ ਸਦਮਾ

**ਸੈਕਰਾਮੈਂਟੋ (ਦੇਸ਼ ਦੁਆਬਾ ਬਿਊਰੋ)–** ਇਹ ਖਬਰ ਬੜੇ ਦੁੱਖੀ ਹਿਰਦੇ ਨਾਲ ਪੜ੍ਹੀ ਜਾਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਦੇ ਮੀਤ ਪ੍ਰਧਾਨ ਸ ਸਤਨਾਮ ਸਿੰਘ ਮੰਢਾਲੀ ਜੀ ਦੇ ਪਿਤਾ ਨਾਜਰ ਮੰਢਾਲੀ ਜੀ (96) ਦਾ 18 ਫਰਵਰੀ ਨੂੰ ਦੇਹਾਂਤ ਹੋ ਗਿਆ ਜੋ ਕਿ ਮਢਾਲੀ ਪਰਿਵਾਰ ਤੇ ਭੈਣ-ਭਰਾਵਾਂ, ਰਿਸ਼ਤੇਦਾਰਾਂ ਅਤੇ ਸਭਾ ਨੂੰ ਗਹਿਰਾ ਸਦਮਾ ਲੱਗਾ ਹੈ। ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਤੋਂ ਇਲਾਵਾ ਉਹਨਾਂ ਦੇ ਬਹੁਤ ਹੀ ਨਜ਼ਦੀਕ ਦੋਸਤ ਸ੍ਰੀ ਕਸ਼ਮੀਰ ਦੋਸਤ ਸ੍ਰੀ ਕਸ਼ਮੀਰ ਸਿੰਘ ਹੀਰਾ (ਇੰਡੀਆ ਮਾਰਕੀਟ ਵਾਲੇ) ਆਦਿ ਅਨੇਕਾਂ ਦੋਸਤਾਂ ਮਿੱਤਰਾਂਨੇ ਸ:ਮੰਢਾਲੀ ਤੇ ਉਹਨਾਂ ਦੇ ਪਰਿਵਾਰ ਨਾਲ ਦਿਲੀ ਦੁੱਖ ਪ੍ਰਗਟ ਕੀਤਾ। ਅਦਾਰਾ ''ਦੇਸ਼ ਦੁਆਬਾ'' ਸ: ਸਤਨਾਮ ਸਿੰਘ ਮੰਢਾਲੀ ਤੇ ਉਹਨਾਂ ਦੇ ਸਮੂਹ ਪਰਿਵਾਰ ਨਾਲ ਦਿਲੀ ਦੁੱਖ ਪ੍ਰਗਟ ਕਰਦਾ ਹੈ ਅਤੇ ਉਸ ਪਰਵਦਗਾਰ ਅੱਗੇ ਅਰਜ਼ੋਈ ਕਰਦਾ ਹੈ ਕਿ ਮੰਢਾਲੀ ਪਰਿਵਾਰ ਨੂੰ ਇਹ ਗਹਿਰਾ ਸਦਮਾ ਮੰਨਣ ਦਾ ਬਲ ਬਖਸ਼ੇ। ਮੰਢਾਲੀ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ (916) 803-0108 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਤੁਸੀਂ ਗਰੀਬ ਹੋ
## ਇਸ ਕਰਕੇ ਅਛੂਤ ਨਹੀਂ ਹੋ।
## ਤੁਸੀਂ ਅਛੂਤ ਹੋ
## ਇਸ ਕਰਕੇ ਗਰੀਬ ਹੋ।

ਗਰੀਬ ਤਾਂ ਬ੍ਰਾਹਮਣ ਵੀ ਹੁੰਦਾ ਹੈ। ਕੀ ਸਮਾਜ ਵਿਚ ਉਸਨੂੰ ਛੂਤ-ਛਾਤ, ਅੱਨਿਆ, ਅੱਤਿਆਚਾਰ ਕਰਨ ਦੀ ਕੋਈ ਹਿੰਮਤ ਕਰਦਾ ਹੈ।

**– ਡਾ. ਅੰਬੇਦਕਰ**

# ਰੱਬ ਤੋਂ ਵੀ ਵੱਧ ਕੇ ਹੈ ਮਹਾਂਪੁਰਸ਼ਾਂ ਦੀ ਪੂਜਾ





**ਸੰਸੂ, ਭਵਨਾਥਪੁਰ–** ਜ਼ਿਲ੍ਹੇ ਦੇ ਹਾਈ ਸਕੂਲ ਦੇ ਮੈਦਾਨ ਵਿਚ ਸੰਤ ਸ਼੍ਰੋਮਣੀ ਗੁਰੂ ਰਵਿਦਾਸ ਜੀ ਦਾ 638ਵੇਂ ਪ੍ਰਕਾਸ਼ ਦਿਹਾੜੇ ਮੌਕੇ ਇਕ ਸਮਾਰੋਹ ਆਯੋਜਿਤ ਕੀਤਾ ਗਿਆ। ਸਮਾਰੋਹ ਦਾ ਉਦਘਾਟਨ ਯੂ. ਪੀ. ਬੀ ਐਚ ਯੂ ਦੇ ਪ੍ਰੋਫੈਸਰ ਇੰਦੂ ਚੌਧਰੀ, ਨਗਰ ਉਂਟਾਰੀ ਦੇ ਡੀ. ਐਸ. ਪੀ. ਸੁਰਜੀਤ ਕੁਮਾਰ ਅਤੇ ਡਾ. ਵਿਜੇ ਕੁਮਾਰ ਸ਼੍ਰੀਸਰਨ ਨੇ ਰਵਿਦਾਸ ਜੀ ਦੇ ਚਿੱਤਰ ਤੇ ਫੁੱਲ ਮਾਲਾ ਅਤੇ ਦੀਪ ਜਗਾ ਕੇ ਪ੍ਰਣਾਮ ਕੀਤੀ। ਇਸ ਤੋਂ ਬਾਅਦ ਹਾਜ਼ਰ ਲੋਕਾਂ ਨੇ ਭਵਨਾਥਪੁਰ ਕਪੂਰੀ ਚੌਂਕ ਤੋਂ ਸਭਾ ਸਥਾਨ ਤੱਕ ਪੈਦਲ ਯਾਤਰਾ ਕੱਢੀ।

ਸਮਾਰੋਹ ਨੂੰ ਸੰਬੋਧਿਤ ਕਰਦਿਆਂ ਪ੍ਰੋਫੈਸਰ ਇੰਦੂ ਚੌਧਰੀ ਨੇ ਕਿਹਾ ਕਿ ਇਨਸਾਨ ਦੀ ਪਛਾਣ ਇਨਸਾਨ ਦੇ ਕੰਮਾਂ ਨਾਲ ਹੁੰਦੀ ਹੈ। ਮਹਾਂਪੁਰਸ਼ਾਂ ਦੀ ਪੂਜਾ ਭਗਵਾਨ ਤੋਂ ਵੱਧ ਕੇ ਹੈ। ਉਹਨਾਂ ਨੇ ਕਿਹਾ ਕਿ ਅੱਜ ਸਮਾਜ ਵਿਚ ਛੂਤ ਛਾਤ ਦੀ ਲੜਾਈ ਲੜਨ ਵਾਲੇ ਭਗਵਾਨ ਬੁੱਧ ਪਹਿਲੇ ਮਹਾਂਪੁਰਸ਼ ਸਨ। ਇਸ ਤੋਂ ਬਾਅਦ ਡਾ. ਭੀਮਰਾਓ ਅੰਬੇਦਕਰ ਨੇ ਅੱਜ ਛੂਤ ਛਾਤ ਨੂੰ ਮਿਟਾਂ ਕੇ ਸਮਾਜ ਵਿਚ ਦਲਿਤਾਂ ਨੂੰ ਇੱਥੋਂ ਤੱਕ ਪਹੁੰਚਾਉਣ ਦਾ ਕੰਮ ਕੀਤਾ। ਉਹਨਾਂ ਨੇ ਲੋਕਾਂ ਨੂੰ ਭਗਵਾਨ ਬੁੱਧ, ਗੁਰੂ ਰਵਿਦਾਸ ਜੀ, ਡਾ. ਅੰਬੇਦਕਰ ਦੇ ਦੱਸੇ ਮਾਰਗ ਤੇ ਚੱਲਣ ਦਾ ਸੱਦਾ ਦਿੱਤਾ।

# ਨਰਿੰਦਰ ਮੋਦੀ ਨੇ ਦਲਿਤਾਂ ਨੂੰ ਦੱਸਿਆ ਮੰਦਬੁੱਧੀ

## ਕਾਂਗਰਸ ਨੇ ਸਦਨ ਵਿਚ ਜ਼ੋਰ ਸ਼ੋਰ ਨਾਲ ਉਠਾਇਆ ਮੁੱਦਾ

**ਨਵੀਂ ਦਿੱਲੀ–** ਦਲਿਤਾਂ ਦੀ ਤੁਲਨਾ ਮਾਨਸਿਕ ਤੌਰ ਤੇ ਅੰਗਹੀਣ ਬੱਚਿਆਂ ਨਾਲ ਕਰਨ ਦੀ 2010 ਵਿਚ ਕੀਤੀ ਗਈ ਟਿੱਪਣੀ ਤੋਂ ਨਰਾਜ਼ ਕਾਂਗਰਸ ਦੇ ਸਾਂਸਦਾਂ ਨੇ ਸ਼ੁੱਕਰਵਾਰ ਨੂੰ ਰਾਜ ਸਭਾ ਦੀ ਕਾਰਵਾਈ ਠੱਪ ਕਰ ਦਿੱਤੀ। ਕਾਂਗਰਸ ਸਾਂਸਦ ਪ੍ਰ ਰਾਸ਼ਟਰਪਾਲ ਮੋਦੀ ਦੀਆਂ ਟਿੱਪਣੀਆਂ ਦਾ ਮਾਮਲਾ ਸਿਫਰ ਕਾਲ ਵਿਚ ਉਠਾਉਣਾ ਚਾਹੁੰਦੇ ਸਨ, ਪਰ ਨੋਟਿਸ ਨੂੰ ਸਭਾਪਤੀ ਦੀ ਮਨਜ਼ੂਰੀ ਨਾ ਹੋਣ ਦੇ ਕਾਰਨ ਉਪ ਸਭਾ ਪਤੀ ਕੇ. ਰਹਿਮਾਨ ਖਾਨ ਨੇ ਇਸਦੀ ਆਗਿਆ ਨਹੀਂ ਦਿੱਤੀ। ਇਸ ਤੇ ਰਾਸ਼ਟਰਪਾਲ ਸਮੇਤ ਹੋਰ ਕਾਂਗਰਸੀ ਮੈਂਬਰ ਚਰਚਾ ਦੀ ਮੰਗ ਕਰਦੇ ਹੋਏ ਸਭਾਪਤੀ ਦੇ ਆਸਨ ਕੋਲ ਪਹੁੰਚ ਗਏ। ਕਾਰਵਾਈ ਪਹਿਲਾਂ 15 ਮਿੰਟ ਅਤੇ ਫਿਰ ਦੋ ਵਜੇ ਤੱਕ ਲਈ ਰੱਦ ਕਰ ਦਿੱਤੀ ਗਈ। ਸਦਨ ਤੋਂ ਬਾਹਰ ਕਾਂਗਰਸ ਦੇ ਸਾਂਸਦ ਰਾਸ਼ਟਰਪਾਲ ਨੇ ਦੱਸਿਆ ਕਿ 26 ਅਪ੍ਰੈਲ ਨੂੰ ਇਕ ਕਿਤਾਬ ਦੀ ਘੁੰਡ ਚੁਕਾਈ ਦੇ ਸਮਾਰੋਹ ਵਿਚ ਮੋਦੀ ਨੇ ਕਿਹਾ ਸੀ ਕਿ ਅੰਬੇਦਕਰ ਕ੍ਰਾਂਤੀਕਾਰੀ ਨਹੀਂ ਸਨ। ਇਹੀ ਨਹੀਂ, ਮੋਦੀ ਨੇ ਦਲਿਤਾਂ ਦੀ ਤੁਲਨਾ ਮਾਨਸਿਕ ਤੌਰ ਤੇ ਅੰਗਹੀਣ ਬੱਚਿਆਂ ਨਾਲ ਕੀਤੀ ਸੀ।

# ਦਲਿਤਾਂ ਨੂੰ ਅਲੱਗ ਵਸਾਉਣਾ ਉਚਿਤ ਨਹੀਂ

**ਨਵੀਂ ਦਿੱਲੀ–** ਸਮਾਜ ਵਿਚ ਹਰ ਜਾਤੀ ਦੇ ਲੋਕਾਂ ਨੂੰ ਮਿਲ ਜੁਲ ਕੇ ਰਹਿਣਾ ਚਾਹੀਦਾ ਹੈ। ਦਲਿਤਾਂ ਨੂੰ ਅਲੱਗ ਵਸਾਉਣਾ ਕਿਸੇ ਵੀ ਨਜ਼ਰੀਏ ਨਾਲ ਉਚਿਤ ਨਹੀਂ ਹੈ। ਇਹ ਟਿੱਪਣੀ ਸੁਪਰੀਮ ਕੋਰਟ ਨੇ ਹਰਿਆਣਾ ਦਾ ਮਿਰਚਪੁਰ ਵਿਚ ਸਾਲ 2010 ਵਿਚ ਹੋਈ ਹਿੰਸਾ ਦੇ ਮਾਮਲੇ 'ਤੇ ਸੁਣਵਾਈ ਦੌਰਾਨ ਕੀਤੀ।

ਅਦਾਲਤ ਵਿਚ ਰਿੱਟ ਕਰਤਾ ਦੇ ਵਕੀਲ ਕਾਰਲਿਨ ਗੌਸਾਲਵਿਸ ਨੇ ਕਿਹਾ ਕਿ ਇਸ ਕਾਂਡ ਦੇ ਪੀੜਤ ਲੰਮੇ ਸਮੇਂ ਤੋਂ ਆਪਣਾ ਘਰ ਛੱਡ ਕੇ ਦੂਜੀਆਂ ਥਾਂਵਾਂ ਤੇ ਸ਼ਰਨ ਲੈ ਰਹੇ ਹਨ। ਇਸ ਮਾਮਲੇ ਵਿਚ ਗਵਾਹੀ ਦੇਣ ਵਾਲੇ ਤਿੰਨ ਲੋਕਾਂ ਦੀ ਹੱਤਿਆ ਕਰ ਦਿੱਤੀ ਗਈ ਹੈ। ਇਸ ਕਾਰਨ ਪੀੜਤ ਇੰਨੇ ਡਰੇ ਹੋਏ ਹਨ ਕਿ ਮਿਰਚਪੁਰ ਨਹੀਂ ਵਾਪਸ ਪਰਤਣਾ ਚਾਹੁੰਦੇ। ਉਹਨਾਂ ਨੇ ਇਹ ਵੀ ਦੱਸਿਆ ਕਿ ਦਲਿਤਾਂ ਨੂੰ ਦੁਕਾਨ ਵਾਲੇ ਸਮਾਨ ਤੱਕ ਨਹੀਂ ਦਿੰਦੇ।

ਪੀੜਤ ਪਰਿਵਾਰਾਂ ਨੂੰ ਰੁਜ਼ਗਾਰ ਅਤੇ ਅਨਾਜ ਆਦਿ ਦੀ ਸਹੂਲਤ ਦਿੱਤੀ ਗਈ ਸੀ, ਪਰ ਬਾਅਦ ਵਿਚ ਉਸ ਤੇ ਰੋਕ ਲਗਾ ਦਿੱਤੀ ਗਈ। ਇਸ ਕਾਰਨ ਉਹਨਾਂ ਨੂੰ ਹਰਿਆਣਾ ਦੇ ਕਿਸੇ ਹੋਰ ਥਾਂ ਵਸਾਇਆ ਜਾਣਾ ਚਾਹੀਦਾ ਹੈ। ਨਾਲ ਹੀ ਉਹਨਾਂ ਨੂੰ ਚਾਰਦੀਵਾਰੀ ਦੇ ਅੰਦਰ ਰੱਖਿਆ ਜਾਣਾ ਚਾਹੀਦਾ ਹੈ। ਗੁੰਸਾਲਵਿਸ ਦੇ ਇਸ ਪ੍ਰਸਤਾਵ ਤੇ ਜਸਟਿਸ ਮਦਨ ਬੀ ਲੋਕੁਰ ਦੇ ਬੈਂਚ ਨੇ ਸਖਤ ਇਤਰਾਜ਼ ਕੀਤਾ। ਬੈਂਚ ਨੇ ਕਿਹਾ ਕਿ ਦਲਿਤਾਂ ਨੂੰ ਅਲੱਗ ਕਿਉਂ ਵਸਾਇਆ ਜਾਣਾ ਚਾਹੀਦਾ ਹੈ। ਉਹਨਾਂ ਨੂੰ ਅਲੱਗ ਥਲੱਗ ਨਹੀਂ, ਬਲਕਿ ਦੂਜੀਆਂ ਜਾਤੀਆਂ ਦੇ ਨਾਲ ਮਿਲ ਕੇ ਰਹਿਣਾ ਚਾਹੀਦਾ ਹੈ। ਨਾਲ ਹੀ ਬੈਂਚ ਨੇ ਕਿਹਾ ਕਿ ਅਸੀਂ ਇਹ ਨਿਰਦੇਸ਼ ਨਹੀਂ ਦੇ ਸਕਦੇ ਕਿ ਤੁਸੀਂ ਕਿਸੇ ਜਾਤੀ ਦਾ ਬਾਈਕਾਟ ਕਰੋ।

ਉਧਰ ਹਰਿਆਣਾ ਸਰਕਾਰ ਦੇ ਵਕੀਲ ਨੇ ਕੋਰਟ ਨੂੰ ਦੱਸਿਆ ਕਿ ਪੀੜਤ ਪਰਿਵਾਰ ਫਿਲਹਾਲ ਜਿੱਥੇ ਰਹਿ ਰਹੇ ਹਨ, ਉਥੇ ਲੋੜੀਂਦੀ ਸੁਰੱਖਿਆ ਦਿੱਤੀ ਜਾ ਰਹੀ ਹੈ। ਮਿਰਚਪੁਰ ਵਿਚ ਵੀ ਸੀ. ਆਰ. ਪੀ. ਐਫ. ਦੇ ਜਵਾਨਾਂ ਦੀ ਤਾਇਨਾਤੀ ਹੈ। ਪੀੜਤਾਂ ਨੇ ਹੁਣ ਤੱਕ ਸੁਰੱਖਿਆ ਸਬੰਧੀ ਕਿਸੇ ਪ੍ਰੇਸ਼ਾਨੀ ਦੀ ਸ਼ਿਕਾਇਤ ਨਹੀਂ ਕੀਤੀ ਹੈ।

ਉਹਨਾਂ ਦੱਸਿਆ ਕਿ ਰਾਜ ਵਿਧਾਨ ਸਭਾ ਚੋਣਾਂ ਵਿਚ ਪੀੜਤ ਪਰਿਵਾਰ ਆਪਣੇ ਪਿੰਡ ਮਿਰਚਪੁਰ ਗਏ ਸਨ ਅਤੇ ਉਹਨਾਂ ਨੇ ਆਪਣੀ ਵੋਟ ਪਾਈ ਸੀ। ਇਸ ਦੌਰਾਨ ਕਿਸੇ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਿਆ। ਸੁਣਵਾਈ ਦੇ ਦੌਰਾਨ ਅਦਾਲਤ ਨੇ ਇਸ ਸਬੰਧ ਵਿਚ ਗਠਿਤ ਹਾਈ ਕੋਰਟ ਦੇ ਸਾਬਕਾ ਜੱਜ ਦੀ ਕਮੇਟੀ ਦੀ ਰਿਪੋਰਟ ਬਾਰੇ ਰਾਜ ਸਰਕਾਰ ਤੋਂ ਜਾਣਕਾਰੀ ਮੰਗੀ। ਸਰਕਾਰ ਨੇ ਕਿਹਾ ਕਿ ਹੁਣ ਤੱਕ ਰਿਪੋਰਟ ਨਹੀਂ ਆਈ ਹੈ। ਇਸ ਤੇ ਬੈਂਚ ਨੇ ਸਰਕਾਰ ਨੂੰ ਕਿਹਾ ਕਿ ਪਤਾ ਲਗਾਵੇ ਕਿ ਕਮੇਟੀ ਦੀ ਰਿਪੋਰਟ ਦੀ ਕੀ ਸਥਿਤੀ ਹੈ ਅਤੇ ਇਹ ਕਦੋਂ ਆਵੇਗੀ। ਰਾਜ ਸਰਕਾਰ ਨੂੰ ਇਕ ਹਫਤੇ ਦੇ ਅੰਦਰ ਜਵਾਬ ਦਾਖਲ ਕਰਨ ਲਈ ਕਿਹਾ ਗਿਆ ਹੈ।

# ਗੁਰਦੁਆਰਾ ਸਾਹਿਬ ਵਿਚ ਦਲਿਤ ਨੌਜਵਾਨ ਦੇ ਪਾਠ ਦਾ ਭੋਗ ਵੀ ਨਾ ਪਾਉਣ ਦਿੱਤਾ, ਟੈਂਟ ਪੁੱਟ ਸੁੱਟਿਆ

**ਬਠਿੰਡਾ–** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੰਥ ਪ੍ਰਤੀ ਵਿਸ਼ੇਸ਼ ਸੰਘਰਸ਼ ਕਰਨ ਅਤੇ ਕੌਮ ਦੇ ਹਿੱਤਾਂ ਦਾ ਪਹਿਰੇਦਾਰ ਹੋਣ ਦਾ ਮਾਣ ਦਿੰਦਿਆਂ ਪੰਥ ਰਤਨ, ਫਕਰ-ਏ-ਕੌਮ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਪਰ ਪੰਥਕ ਸਰਕਾਰ ਦੇ ਰਾਜ ਵਿਚ ਹਾਲ ਇਹ ਹੈ ਕਿ ਦਲਿਤ ਨੌਜਵਾਨ ਦੀ ਹੋਈ ਬੇਵਕਤੀ ਮੌਤ ਤੇ ਪਰਿਵਾਰਕ ਮੈਂਬਰਾਂ ਵੱਲੋਂ ਜਦੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਪਾਠ ਦੇ ਭੋਗ ਪਾਏ ਜਾਣੇ ਸਨ, ਤਾਂ ਸਰਕਾਰ ਦੇ ਨਜ਼ਦੀਕੀ ਸਰਪੰਚ ਅਤੇ ਚਹੇਤਿਆਂ ਵੱਲੋਂ ਭੋਗ ਵੀ ਨਾ ਪਾਉਣ ਦਿੱਤੇ ਗਏ ਅਤੇ ਟੈਂਟ ਵੀ ਉਖਾੜ ਸੁੱਟਿਆ, ਜਦੋਂ ਕਿ ਪਰਿਵਾਰਕ ਮੈਂਬਰਾਂ ਵੱਲੋਂ ਇਹ ਮਾਮਲਾ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿਚ ਲਿਆਂਦਾ ਗਿਆ ਸੀ ਪਰ ਕੋਈ ਠੋਸ ਕਦਮ ਨਾ ਚੁੱਕੇ ਗਏ। ਜਾਣਕਾਰੀ ਦਿੰਦਿਆਂ ਪੀੜਤ ਦਲਿਤ ਪਰਿਵਾਰ ਦੇ ਸਾਬਕਾ ਪੰਚ ਗੁਰਤੇਜ ਸਿੰਘ ਪੁੱਤਰ ਭਾਗ ਸਿੰਘ ਨੇ ਦੱਸਿਆ ਕਿ ਉਸਦੇ ਭਰਾ ਤਰਸੇਮ ਸਿੰਘ ਦੀ ਮੌਤ ਹੋਣ ਉਪਰੰਤ 13 ਫਰਵਰੀ ਨੂੰ ਗੁਰਦੁਆਰਾ ਸਾਹਿਬ ਵਿਚ ਭੋਗ ਪਾਏ ਜਾਣੇ ਸਨ, ਪਰ ਮੌਕੇ 'ਤੇ ਪਹੁੰਚੇ ਰਣਜੀਤ ਸਿੰਘ ਉਰਫ ਚਿੱਟਾ ਨੇ ਇਹ ਰਸਮ ਪੂਰੀ ਨਾ ਹੋਣ ਦਿੱਤੀ। ਦਲਿਤ ਨੌਜਵਾਨ ਆਗੂ ਸੱਤਪਾਲ ਸਿਵੀਆ ਨੇ ਇਸ ਮਾਮਲੇ ਵਿਚ ਪੁਲਿਸ 'ਤੇ ਪੱਖਪਾਤ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਪੁਲਿਸ ਨੇ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਪੁਲਿਸ ਤਾਂ ਲਗਾਈ ਪਰ ਦਲਿਤਾਂ ਨੂੰ ਇਨਸਾਫ ਨਾ ਦਿਵਾਇਆ। ਉਹਨਾਂ ਦੋਸ਼ ਲਗਾਏ ਕਿ ਇਸ ਮੌਕੇ ਪੀੜਤ ਪਰਿਵਾਰ ਨਾਲ ਸ਼ੋਕ ਪ੍ਰਗਟ ਕਰਨ ਲਈ ਆਉਣ ਵਾਲੀਆਂ ਸੰਗਤਾਂ ਲਈ ਲੰਗਰ ਵਰਤਾਉਣ ਲਈ ਟੈਂਟ ਲਗਾਇਆ ਸੀ, ਪਰ ਉਹ ਟੈਂਟ ਵੀ ਪੁੱਟ ਦਿੱਤਾ। ਮਾਮਲੇ ਸਬੰਧੀ ਜਦੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਦਾ ਜਵਾਬ ਸੀ ਕਿ ਵਰਤਾਰਾ ਤਾਂ ਨਿੰਦਣਯੋਗ ਹੈ ਪਰ ਤੁਸੀਂ ਪਾਸਾ ਵੱਟ ਜਾਓ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ

ARMAAN MUSIC PRODUCTION STUDIO

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਸਾਡੇ ਕੋਲ ਪੂਰੇ ਹੈ ਹਾਈਟੈਕ Equipment

ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-242-3642

Email:-
NEWZINDGI@GMAIL.COM


# ਐਸ.ਸੀ. ਕੋਟੇ ਦੇ ਅਹੁਦੇ ਨਾ ਭਰਨ ਤੋਂ ਕਤਰਾ ਰਹੀ ਹੈ ਕੇਂਦਰ ਸਰਕਾਰ

## ਕੇਂਦਰੀ ਯੂਨੀਵਰਸਿਟੀ ਵਿਚ ਨਹੀਂ ਭਰੇ ਗਏ ਐਸ ਸੀ. ਕੋਟੇ ਦੇ ਅਧਿਆਪਕਾਂ ਦੇ 1800 ਖਾਲੀ ਅਹੁਦੇ

**ਨਵੀਂ ਦਿੱਲੀ–** ਸਰਕਾਰੀ ਨੌਕਰੀਆਂ ਵਿਚ ਤਰੱਕੀ ਵਿਚ ਰਿਜ਼ਰਵੇਸ਼ਨ ਦੇ ਲਈ ਸੰਵਿਧਾਨ ਵਿਚ ਸੋਧ ਕਰਨ ਜਾ ਰਹੀ ਕੇਂਦਰ ਸਰਕਾਰ ਦਲਿਤਾਂ ਦੀ ਘੱਟ ਗੁਨਾਹਗਾਰ ਨਹੀਂ ਹੈ। ਇਸਦਾ ਪਤਾ ਇਸ ਤੋਂ ਲੱਗਦਾ ਹੈ ਕਿ ਕੇਂਦਰੀ ਯੂਨੀਵਰਸਿਟੀਆਂ ਵਿਚ ਅਨੁਸੂਚਿਤ ਜਾਤੀ (ਐਸ ਸੀ) ਅਤੇ ਅਨੁਸੂਚਿਤ ਜਨਜਾਤੀ (ਐਸ ਟੀ) ਦੇ ਅਧਿਆਪਕਾਂ ਦੀਆਂ ਸੈਂਕੜੇ ਪੋਸਟਾਂ ਖਾਲੀ ਹਨ। ਐਸ ਸੀ. ਕੋਟੇ ਦੇ ਢਾਈ ਹਜ਼ਾਰ ਵਿਚੋਂ 1800 ਜਦਕਿ ਐਸ ਟੀ ਕੋਟੇ ਦੇ 930 ਵਿਚੋਂ 753 ਅਹੁਦਿਆਂ ਤੇ ਅਧਿਆਪਕਾਂ ਦੀ ਹਾਲੇ ਨਿਯੁਕਤੀ ਨਹੀਂ ਹੋਈ ਹੈ। ਇਹ ਇਕ ਸੱਚਾਈ ਹੈ ਕਿ ਦਲਿਤਾਂ ਦੇ ਕੋਟੇ ਦੇ ਰਿਜ਼ਰਵ ਅਹੁਦਿਆਂ ਨੂੰ ਭਰਨ ਵਿਚ ਖੁਦ ਕੇਂਦਰ ਸਰਕਾਰ ਵੀ ਕਤਰਾ ਰਹੀ ਹੈ। ਸਿਰਫ ਕੇਂਦਰੀ ਯੂਨੀਵਰਸਿਟੀਆਂ ਵਿਚ ਦਲਿਤ ਫਿਰਕੇ ਦੇ ਅਧਿਆਪਕਾਂ ਦੀ ਸਥਿਤੀ ਤੇ ਹੀ ਨਜ਼ਰ ਮਾਰੀਏ ਤਾਂ ਆਜ਼ਾਦੀ ਦੇ ਛੇ ਦਹਾਕਿਆਂ ਬਾਅਦ ਵੀ ਤਸਵੀਰ ਭਿਆਨਕ ਹੀ ਹੈ। ਸਿੱਖਿਆ ਦੇ ਖੇਤਰ ਵਿਚ ਖਾਸ ਮੁਕਾਮ ਰੱਖਣ ਵਾਲੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਅਧਿਆਪਕਾਂ ਦੀਆਂ ਕੁੱਲ 1887 ਪੋਸਟਾਂ ਵਿਚੋਂ ਅਨੁਸੂਚਿਤ ਜਾਤੀ ਦੇ ਲਈ ਰਿਜ਼ਰਵ 283 ਅਤੇ 282 ਖਾਲੀ ਪਈਆਂ ਹਨ, ਜਦਕਿ ਐਸ ਟੀ ਕੋਟੇ ਦੇ 142 ਅਹੁਦੇ ਹਨ ਅਤੇ ਸਾਰੇ ਖਾਲੀ ਹਨ।ਮਦਨ ਮੋਹਨ ਮਾਲਵੀਆ ਦੀ ਬਦੌਲਤ ਬਣੀ ਬਨਾਰਸ ਹਿੰਦੂ ਯੂਨੀਵਰਸਿਟੀ ਦੇਸ਼ ਹੀ ਨਹੀਂ, ਵਿਦੇਸ਼ ਵਿਚ ਵੀ ਆਪਣੀ ਪਛਾਣ ਬਣਾ ਚੁੱਕੀ ਹੈ। ਉਥੇ ਵੀ ਅਨੁਸੂਚਿਤ ਜਾਤੀ ਦੇ ਕੋਟੇ ਦੇ ਕੁੱਲ 362 ਅਹੁਦਿਆਂ ਵਿਚੋਂ 247 ਖਾਲੀ ਪਏ ਹਨ, ਕਿਉਂਕਿ ਐਸ ਟੀ ਦੇ 181 ਅਹੁਦਿਆਂ ਵਿਚੋਂ 151 ਖਾਲੀ ਪਏ ਹਨ।

ਉੱਚ ਸਿੱਖਿਆ ਸੰਸਥਾਵਾਂ ਵਿਚ ਦਲਿਤਾਂ ਦੇ ਕੋਟੇ ਦੇ ਅਹੁਦਿਆਂ ਨੂੰ ਭਰਨ ਦੇ ਲਈ ਇਹ ਮਹਿਜ਼ ਨਮੂਨੇ ਹਨ। ਖੁਦ ਸਰਕਾਰ ਵੀ ਮੰਨਦੀ ਹੈ ਕਿ ਦੇਸ਼ ਦੀਆਂ 40 ਕੇਂਦਰੀ ਯੂਨੀਵਰਸਿਟੀਆਂ ਵਿਚੋਂ ਅਨੁਸੂਚਿਤ ਜਾਤੀ ਦੇ ਅਧਿਆਪਕਾਂ ਦੇ ਲਈ ਰਿਜ਼ਰਵ 2510 ਅਹੁਦਿਆਂ ਵਿਚੋਂ 1779 ਖਾਲੀ ਹਨ। ਅਨੁਸੂਚਿਤ ਜਨਜਾਤੀ ਦੇ ਕੋਟੇ ਵਿਚ 753 ਅਹੁਦਿਆਂ ਨੂੰ ਭਰਨਾ ਬਾਕੀ ਹੈ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਅਤੇ ਕਾਂਗਰਸ ਸਾਂਸਦ ਪੀ. ਐਲ ਮੁਨੀਸ਼ ਕਹਿੰਦੇ ਹਨ, ਦਲਿਤਾਂ ਨੂੰ ਸਰਕਾਰੀ ਨੌਕਰੀਆਂ ਤੋਂ ਦੂਰ ਰੱਖਣ ਦੇ ਲਈ ਇਸ ਵਿਚ ਵੱਡੀ ਲਾਪਰਵਾਹੀ ਹੋਰ ਕੀ ਹੋ ਸਕਦੀ ਹੈ? ਇਹਨਾਂ ਸਥਿਤੀਆਂ ਤੇ ਮੈਂ ਮਨੁੱਖੀ ਅਧਿਕਾਰ ਵਿਕਾਸ ਮੰਤਰਾਲੇ ਤੋਂ ਜਵਾਬ ਮੰਗਿਆ ਹੈ। ਜਦਕਿ ਯੂਨੀਵਰਸਿਟੀਆਂ ਵਿਚ ਖਾਲੀ ਅਹੁਦਿਆਂ ਦੇ ਮਾਮਲੇ ਵਿਚ ਕੁਲਪਤੀ ਨੂੰ 27 ਅਗਸਤ ਨੂੰ ਬੁਲਾਇਆ ਗਿਆ ਹੈ। ਸਥਿਤੀ ਗੰਭੀਰ ਹੈ, ਤਾਂ ਹੀ ਨਵੀਂ ਦਿੱਲੀ ਸਥਿਤ ਏਮਜ਼ ਦੇ 145 ਪ੍ਰੋਫੈਸਰਾਂ ਵਿਚੋਂ ਸਿਰਫ ਇਕ ਅਨੁਸੂਚਿਤ ਜਾਤੀ ਦਾ ਹੈ।

# ਮਾਨਯੋਗ ਅਦਾਲਤ ਵਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਦੀ ਮੌਜੂਦਾ ਕਮੇਟੀ ਰੱਦ

## 17 ਮਈ ਨੂੰ ਮੁੜ ਚੋਣਾਂ ਕਰਵਾਉਣ ਦੇ ਆਦੇਸ਼ ਜਾਰੀ, ਚੋਣ ਏਜੰਸੀ ਹੀ ਕਰਵਾਏਗੀ

**ਨਿਊਯਾਰਕ :** ਬੀਤੇ ਦਿਨੀ ਨਿਊਯਾਰਕ ਦੀ ਉਚ ਅਦਾਲਤ ਕੁਈਨਜ਼ ਕਾਊਟੀ ਨੇ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿ-ਊਯਾਰਕ ਦੀ ਪਿਛਲੇ ਸਾਲ 23 ਨਵੰਬਰ 2014 ਨੂੰ ਹੋਈ ਚੋਣ ਰੱਦ ਕਰ ਦਿੱਤੀ ਹੈ, ਇਸਦੇ ਨਾਲ ਹੀ 17 ਮਈ ਨੂੰ ਮੁੜ ਚੋਣਾਂ ਕਰਵਾਉਣ ਦੇ ਆਦੇਸ਼ ਵੀ ਜਾਰੀ ਕਰ ਦਿੱਤੇ ਹਨ। ਮਾਨਯੋਗ ਜੱਜ ਡੂਆਨ ਹਾਰਟ ਨੇ ਫੈਸਲਾ ਸੁਣਾਦਿਆ ਕਿਹਾ ਕਿ ਚੋਣਾਂ ਕਿਸੇ ਮਾਨਤਾ ਪ੍ਰਾਪਤ ਏਜੰਸੀ ਅਧੀਨ ਹੋਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਹੀ ਅਦਾਲਤ ਵਲੋਂ ਇੱਕ ਰੈਫਰੀ ਵੀ ਨਿਯੁਕਤ ਕੀਤਾ ਹੈ । ਸਾਰੀ ਚੋਣ ਪ੍ਰਕਿਰਿਆ ਰੈਫਰੀ ਦੀ ਦੇਖ ਰੇਖ ਹੇਠ ਹੋਵੇਗੀ। ਬਲਵੀਰ ਚੌਹਾਨ ਧਿਰ ਨੇ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦਿਆ ਕਿਹਾ ਕਿ ਇਹ ਸਭ ਸ੍ਰੀ ਗੁਰੂ ਰਵਿਦਾਸ ਜੀ ਦੀ ਮਿਹਰ ਸਦਕਾ ਹੋਇਆਂ ਹੈ।

# ਕਾਜੀ ਅਨਵਰ ਅਹਿਮਦ ਨੂੰ ਮਿਲ ਕੇ ਬੋਲੇ ਹੋ ਰਿਹਾ ਹੈ ਸ਼ੋਸ਼ਣ, ਮੁਸਲਿਮ ਬਣਾ ਦਿਓ

**ਕੋਟਾ (ਰਾਜਸਥਾਨ)–** ਇੱਥੇ ਸਫਾਈ ਕਰਮਚਾਰੀਆਂ ਦੀ ਭਰਤੀ ਨੂੰ ਲੈ ਕੇ ਚੱਲ ਰਹੀ ਹੜਤਾਲ ਵਿਚ ਉਸ ਵਕਤ ਨਾਟਕੀ ਮੋੜ ਆਇਆ, ਜਦੋਂ ਵਾਲਮੀਕ ਸਮਾਜ ਦੇ ਕੁਝ ਲੋਕਾਂ ਨੇ ਸ਼ਹਿਰ ਦੇ ਕਾਜੀ ਅਨਵਰ ਅਹਿਮਦ ਦੇ ਕੋਲ ਆਪਣਾ ਧਰਮ ਤਬਦੀਲ ਕਰਵਾਉਣ ਦੀ ਪੇਸ਼ਕਸ਼ ਕੀਤੀ। ਵਾਲਮੀਕ ਸਮਾਜ ਦੇ ਲੋਕ ਸ਼ਹਿਰ ਕਾਜੀ ਨੂੰ ਮਿਲਣ ਉਹਨਾਂ ਦੇ ਘਰ ਪਹੁੰਚੇ ਅਤੇ ਕਿਹਾ, ਹਿੰਦੂ ਧਰਮ ਵਿਚ ਅਸੀਂ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਾਂ। ਸਾਡੇ ਨੇਤਾਵਾਂ ਦੁਆਰਾ ਹੀ ਸਾਡੇ ਨਾਲ ਉਚ-ਨੀਚ ਕੀਤੀ ਜਾ ਰਹੀ ਹੈ। ਇਸਲਾਮ ਵਿਚ ਹਰ ਕਿਸਮ ਦੇ ਲੋਕ ਹਨ, ਕੋਈ ਭੇਦਭਾਵ ਨਹੀਂ ਹੈ।

ਹਾਲਾਂਕਿ ਸ਼ਹਿਰ ਕਾਜੀ ਨੇ ਉਹਨਾਂ ਨੂੰ ਸਲਾਹ ਦਿੱਤੀ ਕਿ ਜਲਦਬਾਜ਼ੀ ਵਿਚ ਕੋਈ ਕਦਮ ਚੁੱਕਣ ਤੋਂ ਬਿਹਤਰ ਹੈ ਕਿ ਉਹ ਠੰਢੇ ਦਿਮਾਗ ਨਾਲ ਸੋਚਣ। ਵਾਲਮੀਕ ਸਮਾਜ ਏਕਤਾ ਮੰਚ ਅਤੇ ਵਾਲਮੀਕ ਸਮਾਜ ਸੰਘਰਸ਼ ਕਮੇਟੀ ਦਾ ਗਠਨ ਕਰਨ ਸਾਬਕਾ ਵਿਧਾਇਕ ਮਦਨ ਮਹਾਰਾਜਾ, ਸਾਬਕਾ ਪਾਰਸ਼ਦ ਸ਼ੰਕਰ ਨਰਵਾਲਾ, ਮੁਕੇਸ਼ ਵਰਮਾ, ਸੁਨੀਲ ਨਰਵਾਲਾ, ਰਾਣੀ ਕਲਸ਼, ਭਰਤ ਮਹਾਰਾਜ ਸਮੇਤ ਕਰੀਬ 100 ਨੌਜਵਾਨ ਸੋਮਵਾਰ ਦੀ ਦੁਪਹਿਰ ਸ਼ਹਿਰ ਕਾਜੀ ਨੂੰ ਮਿਲਣ ਪਹੁੰਚੇ। 25 ਮਿੰਟ ਚੱਲੀ ਗੱਲਬਾਤ ਤੋਂ ਬਾਅਦ ਸਾਰੇ ਵਾਪਸ ਆ ਗਏ। ਸਾਬਕਾ ਵਿਧਾਇਕ ਮਹਾਰਾਜਾ ਸ਼ਹਿਰ ਕਾਜੀ ਨੂੰ ਬੋਲੇ, ਨਿਗਮ ਦੁਆਰਾ ਸਾਨੂੰ ਨਿਯੁਕਤੀਆਂ ਨਹੀਂ ਦਿੱਤੀਆਂ ਜਾ ਰਹੀਆਂ। ਹਿੰਦੂ ਸਮਾਜ ਵਿਚ ਸਾਡਾ ਸ਼ੋਸ਼ਣ ਹੋ ਰਿਹਾ ਹੈ। ਅਸੀਂ ਸਫਾਈ ਦਾ ਕੰਮ ਛੱਡ ਵੀ ਦਈਏ ਤਾਂ ਦੂਜਾ ਵਪਾਰ ਨਹੀਂ ਕਰ ਸਕਦੇ। ਅਸੀਂ ਕਚੌਰੀਆਂ ਨਹੀਂ ਵੇਚ ਸਕਦੇ, ਪਾਨ ਨਹੀਂ ਵੇਚ ਸਕਦੇ। ਇਸਲਾਮ ਧਰਮ ਵਿਚ ਅਜਿਹਾ ਨਹੀਂ ਹੈ, ਉਥੇ ਜਾਤ-ਪਾਤ ਨਹੀਂ ਹੈ। ਅਸੀਂ ਧਰਮ ਤਬਦੀਲੀ ਕਰ ਲਵਾਂਗੇ, ਮੁਸਲਮਾਨ ਬਣ ਜਾਵਾਂਗੇ ਤਾਂ ਸਾਨੂੰ ਸਨਮਾਨ ਤਾਂ ਮਿਲੇਗਾ, ਅਸੀਂ ਇਸ ਕੰਮ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਾਂ। ਕਾਜੀ ਸਾਹਿਬ ਸਾਨੂੰ ਬਚਾਓ, ਸਾਡਾ ਸਮਰਥਨ ਕਰੋ।

# ਬਾਪੂ ਸੂਰਤ ਸਿੰਘ ਖ਼ਾਲਸਾ ਦੀ ਸਿਹਤ ਪ੍ਰਤੀ ਨਾਪਾ ਨੇ ਚਿੰਤਾ ਪ੍ਰਗਟਾਈ

**ਮਿਲਪੀਟਸ (ਕੈਲੀਫੋਰਨੀਆ)**–ਨਾਰਥ ਅਮਰੀਨ ਪੰਜਾਬੀ ਐਸੋਸੀਏਸ਼ਨ (ਨਾਪਾ) ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਸਜ਼ਾ ਪੂਰੀ ਕਰ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਲਈ ਪਿਛਲੇ 40 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਬਾਪੂ ਸੂਰਤ ਸਿੰਘ ਖ਼ਾਲਸਾ ਦੀ ਸਿਹਤ ਦਿਨ ਪ੍ਰਤੀ ਦਿਨ ਖ਼ਰਾਬ ਹੋ ਰਹੀ ਹੈ ।ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਉਨ੍ਹਾਂ ਦੀ ਕੀਤੀ ਜਾ ਰਹੀ ਅਣਦੇਖੀ ਜਿਸ ਕਾਰਣ ਦੇਸ਼ ਵਿਦੇਸ਼ ਵਿਚ ਬੈਠੇ ਸਿਖ ਭਾਈਚਾਰੇ ਅੰਦਰ ਰੋਸ ਪਾਇਆ ਜਾ ਰਿਹਾ ਹੈ। ਇਹਨਾਂ ਆਗੂਆਂ ਨੇ ਦਸਿਆ ਕਿ ਉਹ ਇਸ ਗਲ ਤੋਂ ਹੈਰਾਨ ਹਨ ਕਿ ਬਾਪੂ ਸੂਰਤ ਸਿੰਘ ਦੀ ਜਾਨ ਦੀ ਵੀ ਪ੍ਰਵਾਹ ਕਿਉਂ ਨਹੀਂ ਕੀਤੀ ਜਾ ਰਹੀ ਤੇ ਸਿੱਖ ਕੌਮ ਦੀ ਇਹ ਜਾਇਜ਼ ਮੰਗ ਨੂੰ ਵੀ ਕਿਉਂ ਲਗਾਤਾਰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਭਾਵੇਂ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਵਿਖੇ ਚਲ ਰਹੇ ਮਰਨ ਵਰਤ ਦੌਰਾਨ ਪੰਜਾਬ ਸਰਕਾਰ ਨੇ ਉਨ੍ਹਾਂ ਸਿੱਖਾਂ ਦੀ ਰਿਹਾਈ ਦੀ ਹਾਮੀ ਭਰੀ ਸੀ ਪਰ ਹੁਣ ਸਰਕਾਰ ਇਸ ਮਾਮਲੇ ਤੇ ਖਮੋਸ਼ ਹੈ।ਨਾਪਾ ਆਗੂਆਂ ਸ. ਦਲਵਿੰਦਰ ਸਿੰਘ ਧੂਤ, ਸ. ਗੁਰਦੀਪ ਸਿੰਘ ਬੁੱਟਰ, ਸ. ਬਹਾਦੁਰ ਸਿੰਘ ਸੇਲਮ, ਸ. ਬਲਵੰਤ ਸਿੰਘ, ਸ. ਮੇਜਰ ਸਿੰਘ ਰੰਧਾਵਾ, ਸ. ਸੰਤੋਖ ਸਿੰਘ ਜੱਜ, ਸ. ਤਰਨਜੀਤ ਸਿੰਘ ਸੰਧੂ, ਸ. ਰਾਜਦੀਪ ਸਿੰਘ ਢਿੱਲੋਂ, ਸ. ਗੁਰਿੰਦਰ ਸਿੰਘ ਰਣਦੇਵ, ਡਾ.ਅਜਿੰਦਰ ਸਿੰਘ ਢੱਟ ਅਤੇ ਸ. ਗੁਰਨਾਮ ਸਿੰਘ ਸੰਧਰ ਵੱਲੋਂ ਜਾਰੀ ਇਸ ਬਿਆਨ ਵਿੱਚ ਇਸ ਗੱਲ 'ਤੇ ਵੀ ਚਿੰਤਾ ਪ੍ਰਗਟਾਈ ਕਿ ਸਰਕਾਰ ਨੇ ਬਾਪੂ ਸੂਰਤ ਸਿੰਘ ਦੀਆਂ ਖ਼ਬਰਾਂ ਦੇਣ 'ਤੇ ਵੀ ਸ਼ਾਇਦ ਮੀਡੀਏ 'ਤੇ ਅਣਐਲਾਨੀ ਸੈਂਸਰਸ਼ਿਪ ਲਗਾ ਰੱਖੀ ਹੈ ਜਿਸ ਕਾਰਨ ਮੀਡੀਆ ਇਸ ਗੰਭੀਰ ਮਸਲੇ ਨੂੰ ਸਹੀ ਤਰੀਕੇ ਨਾਲ ਨਹੀਂ ਚੁੱਕ ਰਿਹਾ। ਕੁੱਝ ਅਖ਼ਬਾਰ ਜੇ ਉਨ੍ਹਾਂ ਦੀਆਂ ਖ਼ਬਰਾਂ ਲਗਾਉਂਦੇ ਵੀ ਹਨ ਤਾਂ ਸਿਰਫ਼ ਲੋਕਲ ਪੇਜ਼ਾਂ ਤੋਂ ਅੱਗੇ ਨਹੀਂ ਵਧਣ ਦੇ ਰਹੇ।



ਦਲਵਿੰਦਰ ਸਿੰਘ ਧੂਤ | ਗੁਰਦੀਪ ਸਿੰਘ ਬੁੱਟਰ | ਬਹਦੁਰ ਸਿੰਘ ਸੇਲਮ | ਮੇਜਰ ਸਿੰਘ ਰੰਧਾਵਾ | ਸੰਤੋਖ ਸਿੰਘ ਜੱਜ
ਤਰਨਜੀਤ ਸਿੰਘ ਸੰਧੂ | ਰਾਜਬੀਰ ਸਿੰਘ ਢਿੱਲੋਂ | ਗੁਰਿੰਦਰ ਸਿੰਘ ਰਣਦੇਵ | ਡਾ. ਅਜਿੰਦਰ ਸਿੰਘ ਢੱਟ | ਗੁਰਨਾਮ ਸਿੰਘ ਸੰਧਰ

ਤੋਂ ਸਪੱਸ਼ਟ ਹੈ ਕਿ ਨਾ ਤਾਂ ਇਨ੍ਹਾਂ ਸਰਕਾਰਾਂ ਨੂੰ ਉਸ ਬਜ਼ੁਰਗ ਦੀ ਜਾਨ ਦੀ ਪ੍ਰਵਾਹ ਹੈ ਤੇ ਨਾ ਹੀ ਪੰਜਾਬ ਤੇ ਭਾਰਤ ਸਰਕਾਰਾਂ ਸਜ਼ਾਵਾਂ ਕੱਟ ਚੁੱਕੇ ਸਿੱਖਾਂ ਨੂੰ ਰਿਹਾਅ ਹੀ ਕਰਨਾ ਚਾਹੁੰਦੀਆਂ ਹਨ। ਨਾਪਾ ਆਗੂਆਂ ਨੇ ਕਿਹਾ ਕਿ ਸਰਕਾਰਾਂ ਦੀ ਇਸ ਬੇਰੁੱਖੀ ਨੂੰ ਲੈ ਕੇ ਸਿੱਖ ਨੌਜਵਾਨਾਂ ਵਿੱਚ ਬਹੁਤ ਰੋਸ ਦੇਖਿਆ ਜਾ ਰਿਹਾ ਹੈ, ਇਸਦਾ ਸਰਕਾਰਾਂ ਨੂੰ ਵੀ ਪਤਾ ਹੈ ਤੇ ਸਾਡੀ ਸੂਚਨਾ ਮੁਤਾਬਕ ਪੰਜਾਬ ਪੁਲਿਸ ਦੇ ਖ਼ੁਫ਼ੀਆ ਵਿਭਾਗ ਨੇ ਇਸ ਗੱਲ ਦੀ ਸਰਕਾਰ ਨੂੰ ਰਿਪੋਰਟ ਵੀ ਕੀਤੀ ਹੈ ਇਸਦੇ ਵਾਬਜੂਦ ਵੀ ਸਰਕਾਰ ਦੀ ਚੁੱਪ 'ਤੇ ਸਵਾਲ ਉੱਠਣੇ ਲਾਜ਼ਮੀ ਹਨ ਕਿ ਕੀ ਉਹ ਸਿੱਖ ਨੌਜਵਾਨਾਂ ਵਿੱਚ ਭੜਕਾਹਟ ਪੈਦਾ ਕਰਕੇ ਉਨ੍ਹਾਂ ਦਾ ਦਮਨ ਕਰਨਾ ਚਾਹੁੰਦੀ ਹੈ?

ਪਿਛਲੇ ਦਿਨੀ ਕੇਂਦਰੀ ਗ੍ਰਹਿ ਮੰਤਰਾਲੇ ਨੇ ਖ਼ੁਲਾਸਾ ਕੀਤਾ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਨੂੰ ਸਿੱਖਾਂ ਦੀ ਰਿਹਾਈ ਲਈ ਕੋਈ ਪੱਤਰ ਨਹੀਂ ਲਿਖਿਆ।

ਉਨ੍ਹਾਂ ਕਿਹਾ ਕਿ ਫਿਰ ਵੀ ਸੋਸ਼ਲ ਮੀਡੀਏ ਦੇ ਇਸ ਯੁਗ ਵਿੱਚ ਸਰਕਾਰਾਂ ਸੂਚਨਾ ਨੂੰ ਲੋਕਾਂ ਤੱਕ ਪਹੁੰਚਣ ਤੋਂ ਰੋਕ ਨਹੀਂ ਸਕਦੀਆਂ ਅਤੇ ਬਾਪੂ ਸੂਰਤ ਸਿੰਘ ਨਾਲ ਜੁੜੀ ਹਰ ਛੋਟੀ ਤੋਂ ਛੋਟੀ ਖ਼ਬਰ ਵੀ ਦੇਸ਼-ਵਿਦੇਸ਼ ਦੇ ਸਿੱਖਾਂ ਤੱਕ ਪਹੁੰਚ ਰਹੀ ਹੈ ਜਿਸ ਕਾਰਨ ਵਿਸ਼ਵ ਪੱਧਰ 'ਤੇ ਇਸ ਮਸਲੇ ਨੂੰ ਲੈ ਕੇ ਸਿੱਖ ਭਾਈਚਾਰਾ ਚਿੰਤੁਤ ਹੈ। ਜੇ ਅਜੇ ਵੀ ਸਰਕਾਰ ਨੇ ਇਸ ਪਾਸੇ ਧਿਆਨ ਨਾ ਦਿੱਤਾ ਤਾਂ ਨੇੜ-ਭੱਵਿਖ ਵਿੱਚ ਘੱਟ-ਘੱਟ ਸ਼੍ਰੋਮਣੀ ਅਕਾਲੀ ਦਲ ਨੂੰ ਤਾਂ ਸਿੱਖਾਂ ਦੇ ਰੋਹ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਦਾਨੇਸ਼ਵਰ ਮੰਦਰ ਵਿਚ ਵੜਨ ਤੇ ਦਲਿਤ ਦੀ ਕੁੱਟਮਾਰ ਕੀਤੀ

**ਹਮੀਰਪੁਰ–** ਜਾਲੌਨ ਵਿਚ ਉੱਚੀ ਬਿਰਾਦਰੀ ਦੇ ਨਾਲ ਪੰਗਤ ਵਿਚ ਖਾਣਾ ਖਾਣ ਕਾਰਨ ਇਕ ਦਲਿਤ ਨੌਜਵਾਨ ਦੀ ਨੱਕ ਕੱਟਣ ਦੀ ਘਟਨਾ ਹਾਲੇ ਠੰਡੀ ਵੀ ਨਹੀਂ ਹੋਈ ਸੀ ਕਿ ਭੌਂਦਹਾ ਕੋਤਵਾਲੀ ਦੇ ਰੀਵਨ ਪਿੰਡ ਵਿਚ ਇਕ ਦਲਿਤ ਲੜਕੀ ਦੇ ਮੰਦਰ ਵਿਚ ਵੜਨ ਤੇ ਕੁੱਟਮਾਰ ਕੀਤੀ ਗਈ। ਪੀੜਤ ਨੇ ਕੋਤਵਾਲ ਤੋਂ ਲੈ ਕੇ ਸੀ. ਓ. ਦੇ ਕੋਲ ਵੀ ਬੇਨਤੀ ਕੀਤੀ ਪਰ ਉਸਦੀ ਰਿਪੋਰਟ ਨਹੀਂ ਲਿਖੀ ਗਈ। ਪੀੜਤ ਨੇ ਉੱਚ ਅਧਿਕਾਰੀਆਂ ਨੂੰ ਬੇਨਤੀ ਪੱਤਰ ਦੇ ਕੇ ਇਸ ਮਾਮਲੇ ਵਿਚ ਕਾਰਵਾਈ ਦੀ ਮੰਗ ਕੀਤੀ ਹੈ। ਰੀਵਨ ਪਿੰਡ ਨਿਵਾਸੀ ਰਮਾਕਾਂਤ ਬਾਲਮੀਕ ਨੇ ਦੱਸਿਆ ਕਿ 16 ਫਰਵਰੀ ਦੀ ਸ਼ਾਮ ਕਰੀਬ ਚਾਰ ਵਜੇ ਉਹ ਪਿੰਡ ਦੇ ਦਾਨੇਸ਼ਵਰ ਬਾਬਾ ਦੇ ਮੰਦਰ ਵਿਚ ਦਰਸ਼ਨ ਕਰਨ ਗਿਆ ਸੀ। ਉਸਨੂੰ ਮੰਦਰ ਵਿਚ ਦੇਖ ਕੇ ਪਿੰਡ ਦੇ ਬਸੰਤ ਸ਼ੁਕਲਾ ਅਤੇ ਸ਼ਿਆਮ ਜੀ ਪੰਡਤ ਨੂੰ ਗੁੱਸਾ ਆ ਗਿਆ। ਇਹਨਾਂ ਦੋਵਾਂ ਲੋਕਾਂ ਨੇ ਉਸਦੀ ਕੁੱਟਮਾਰ ਇਹ ਕਹਿੰਦੇ ਹੋਏ ਕੀਤੀ ਕਿ ਉਸਨੇ ਮੰਦਰ ਵਿਚ ਪ੍ਰਵੇਸ਼ ਕਰਕੇ ਇਸਨੂੰ ਅਪਵਿੱਤਰ ਕਰ ਦਿੱਤਾ ਹੈ। ਜਦੋਂ ਉਸਨੇ ਕਿਹਾ ਕਿ ਭਗਵਾਨ ਤਾਂ ਸਾਰਿਆਂ ਦੇ ਹਨ, ਇਸ ਕਾਰਨ ਹਮਲਾਵਰ ਹੋਰ ਭੜਕ ਗਏ ਅਤੇ ਉਸਨੂੰ ਲੱਤਾਂ-ਮੁੱਕੇ ਮਾਰ ਕੇ ਮੰਦਰ ਵਿਚੋਂ ਬਾਹਰ ਘੜੀਸ ਲਿਆਏ। ਰਮਾਕਾਂਤ ਦਾ ਕਹਿਣਾ ਹੈ ਕਿ ਕੁੱਟਮਾਰ ਦੇ ਦੌਰਾਨ ਉਸਦੀ ਮਾਂ ਮਾਨਕੁੰਵਰ ਉਸਨੂੰ ਬਚਾਉਣ ਦੌੜੀ ਤਾਂ ਇਹਨਾਂ ਲੋਕਾਂ ਨੇ ਉਸਨੂੰ ਵਾਲਾਂ ਤੋਂ ਪਕੜ ਕੇ ਜ਼ਮੀਨ ਤੇ ਸੁੱਟ ਦਿੱਤਾ ਅਤੇ ਉਸ ਦੇ ਲੱਤਾਂ ਮਾਰੀਆਂ। ਮਾਂ ਦਾ ਗਲਾ ਵੀ ਦਬਾਉਣ ਦੀ ਕੋਸ਼ਿਸ਼ ਕੀਤੀ। ਮਾਮਲਾ ਜਦੋਂ ਜ਼ਿਆਦਾ ਵੱਧ ਗਿਆ ਤਾਂ ਪਿੰਡ ਦੇ ਲੋਕ ਲੜਾਈ ਰੁਕਵਾਉਣ ਆ ਗਏ। ਇਸ ਤੋਂ ਬਾਅਦ ਹਮਲਾਵਰ ਮੌਕੇ ਤੋਂ ਨਿਕਲ ਗਏ। ਰਮਾਕਾਂਤ ਦਾ ਕਹਿਣਾ ਹੈ ਕਿ ਉਸਨੇ ਇਸ ਘਟਨਾ ਦੀ ਸੂਚਨਾ ਉਸੇ ਦਿਨ ਥਾਣੇ ਵਿਚ ਦਿੱਤੀ, ਪੁਲਿਸ ਨੇ ਮਾਮਲਾ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਬਲਕਿ ਉਸਨੂੰ ਹੀ ਲੜਾਈ ਝਗੜੇ ਦਾ ਦੋਸ਼ੀ ਕਹਿ ਕੇ ਭਜਾ ਦਿੱਤਾ। ਰਮਾਕਾਂਤ ਦਾ ਕਹਿਣਾ ਹੈ ਕਿ ਹਮਲਾਵਰ ਗੁੰਡੇ ਹਨ, ਕੋਈ ਜਲਦੀ ਉਹਨਾਂ ਦੇ ਖਿਲਾਫ ਗਵਾਹੀ ਵੀ ਦੇਣ ਲਈ ਤਿਆਰ ਨਹੀਂ ਹੈ। ਉਸਦੀ ਮਾਂ ਨੂੰ ਵੀ ਗੰਭੀਰ ਸੱਟਾਂ ਲੱਗੀਆਂ ਹਨ। ਥਾਣਾ ਕੋਤਵਾਲੀ ਭੌਂਦਰਾ ਤੋਂ ਲੈ ਕੇ ਸੀ. ਓ. ਦਫਤਰ ਤੱਕ ਬੇਨਤੀ ਕਰ ਚੁੱਕਾ ਹੈ।


ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-479-0242



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price

Kashmir S. Thandi
Office: (866) 933-3038

Balhar S. Ranu
Cell: 916-502-7733

Yuba City Ph: 530-419-5058



1816 Main Ave.,
Secramento CA, 95838


ਦੇਸ਼ ਦੁਆਬਾ

# ਮੋਦੀ ਦੇ ਭਰੋਸੇ ਦੇ ਬਾਵਜੂਦ ਘੱਟ-ਗਿਣਤੀਆਂ ਤੇ ਹਮਲੇ ਜਾਰੀ

ਹਾਲ ਹੀ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕਾਫੀ ਸਮੇਂ ਬਾਅਦ ਚੁੱਪ ਤੋੜਦਿਆਂ ਕਿਹਾ ਸੀ ਕਿ ਭਾਰਤ ਵਿਚ ਧਾਰਮਿਕ ਆਜ਼ਾਦੀ ਦੀ ਨੀਤੀ ਨੂੰ ਕੋਈ ਆਂਚ ਨਹੀਂ ਆਉਣ ਦਿੱਤੀ ਜਾਵੇਗੀ। ਪ੍ਰਧਾਨ ਮੰਤਰੀ ਦੇ ਇਸ ਭਰੋਸੇ ਦੇ ਕਾਰਨ ਸੰਘ ਪਰਿਵਾਰ ਨੂੰ ਤਾਂ ਜ਼ਰੂਰ ਸਮੱਸਿਆ ਹੋਈ ਹੋਵੇਗੀ ਪਰ ਸੰਘ ਪਰਿਵਾਰ ਮੋਦੀ ਸਰਕਾਰ ਦੁਆਲੇ ਵਿਰੋਧੀ ਧਿਰਾਂ ਦੇ ਧਰਮ ਤਬਦੀਲੀ ਅਤੇ ਧਾਰਮਿਕ ਅਸਹਿਣਸ਼ੀਲਤਾ ਵਰਗੇ ਮੁੱਦਿਆਂ ਦੇ ਕਸੇ ਜਾ ਰਹੇ ਸ਼ਿਕੰਜੇ ਦੇ ਕਾਰਨ ਚੁੱਪ ਹੋ ਗਿਆ ਹੈ ਪਰ ਇਸ ਚੁੱਪ ਦੇ ਬਾਵਜੂਦ ਵੀ ਭਾਰਤ ਵਿਚ ਘੱਟ ਗਿਣਤੀਆਂ ਤੇ ਹਮਲੇ ਨਿਰੰਤਰ ਜਾਰੀ ਹੈ। ਕਰਨਾਟਕ ਦੇ ਮੰਗਲੌਰ ਵਿਚ ਮੰਗਲਵਾਰ ਦੀ ਰਾਤ ਇਕ ਚਰਚ ਤੇ ਹਮਲੇ ਅਤੇ ਤੋੜ ਭੰਨ ਦੀਆਂ ਖਬਰਾਂ ਸਾਹਮਣੇ ਆਈਆਂ ਹਨ। ਮੰਗਲੌਰ ਦੇ ਸੇਂਟ ਜੋਸਫ ਚਰਚ ਦੀ ਖਿੜਕੀ ਅਤੇ ਗੇਟ ਨੂੰ ਨੁਕਸਾਨ ਹੋਇਆ ਹੈ। ਹਾਲਾਂਕਿ ਅੰਦਰ ਸਥਿਤ ਮੂਰਤੀ ਨੂੰ ਨੁਕਸਾਨ ਤੋਂ ਬਚਾਅ ਹੋ ਗਿਆ ਹੈ। ਕੁਝ ਮਹੀਨਿਆਂ ਤੋਂ ਦਿੱਲੀ ਅਤੇ ਸਾਰੇ ਭਾਰਤ ਵਿਚ ਇਸਾਈਆਂ ਦੇ ਧਾਰਮਿਕ ਸਥਾਨਾਂ ਤੇ ਹਮਲਿਆਂ ਦੀਆਂ ਖਬਰਾਂ ਹਨ। ਜਾਤ-ਪਾਤ ਅਤੇ ਛੂਤ-ਛਾਤ ਦੇ ਨਾਂ ਤੇ ਦਲਿਤਾਂ ਉਤੇ ਨਿਰੰਤਰ ਹਮਲੇ ਕੀਤੇ ਜਾ ਰਹੇ ਹਨ ਅਤੇ ਪ੍ਰਸ਼ਾਸਨ ਵੀ ਉਹਨਾਂ ਨੂੰ ਰਾਹਤ ਮੁਹੱਈਆ ਕਰਵਾਉਣ ਵਿਚ ਨਾਕਾਮ ਨਜ਼ਰ ਆ ਰਿਹਾ ਹੈ। ਇਹ ਸਭ ਕੁਝ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਦਿੱਤੇ ਜਾ ਰਹੇ ਭਰੋਸਿਆਂ ਦੇ ਬਾਵਜੂਦ ਵਾਪਰ ਰਿਹਾ ਹੈ।

ਇਸ ਤੋਂ ਅਜਿਹਾ ਲੱਗ ਰਿਹਾ ਹੈ ਕਿ ਸੰਘ ਪਰਿਵਾਰ ਅਤੇ ਕੱਟੜਪੰਥੀ ਅਨਸਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਾਂ ਤਾਂ ਗੱਲ ਨਹੀਂ ਮੰਨਦੇ ਜਾਂ ਫਿਰ ਉਹਨਾਂ ਦੀ ਲੁਕਵੀਂ ਧਰਮ ਤਬਦੀਲੀ ਅਤੇ ਧਾਰਮਿਕ ਅਸਹਿਣਸ਼ੀਲਤਾ ਦੀ ਨੀਤੀ ਨਿਰੰਤਰ ਜਾਰੀ ਹੈ। ਪ੍ਰਧਾਨ ਮੰਤਰੀ ਨੇ ਦਿੱਲੀ ਦੇ ਇਸਾਈ ਧਰਮ ਗੁਰੂਆਂ ਦੇ ਸੰਮੇਲਨ ਵਿਚ ਕਿਹਾ ਸੀ, ਮੇਰੀ ਸਰਕਾਰ ਇਹ ਯਕੀਨੀ ਕਰੇਗੀ ਕਿ ਵਿਸ਼ਵਾਸ ਅਤੇ ਸ਼ਰਧਾ ਪੂਰਨ ਸੁਤੰਤਰ ਹੋਵੇ। ਹਰ ਕਿਸੇ ਦੇ ਕੋਲ ਕਿਸੇ ਕਿਸਮ ਦੀ ਜ਼ੋਰ ਜਬਰਦਸਤੀ ਜਾਂ ਨਜਾਇਜ ਪ੍ਰਭਾਵ ਤੋਂ ਬਿਨਾਂ ਕਿਸੇ ਵੀ ਧਰਮ ਨੂੰ ਅਪਣਾਉਣ ਜਾਂ ਪਾਲਣ ਕਰਨ ਦਾ ਅਧਿਕਾਰ ਹੈ। ਮੇਰੀ ਸਰਕਾਰ ਵਿਅਕਤੀ ਦੀ ਆਜ਼ਾਦੀ ਤੇ ਜ਼ੋਰ ਦਿੰਦੀ ਹੈ। ਧਰਮ ਇਕ ਨਿੱਜੀ ਪਸੰਦ ਦਾ ਮਾਮਲਾ ਹੈ। ਸਰਕਾਰ ਕਿਸੇ ਵੀ ਧਾਰਮਿਕ ਸਮੂਹ ਨੂੰ ਚਾਹੇ ਉਹ ਬਹੁ-ਗਿਣਤੀ ਹੋਵੇ ਜਾਂ ਘੱਟ ਗਿਣਤੀ, ਇਹ ਆਗਿਆ ਨਹੀਂ ਦੇਵੇਗੀ ਕਿ ਖੁੱਲ੍ਹ ਕੇ ਜਾਂ ਲੁਕ ਕੇ ਦੂਜੇ ਧਰਮ ਦੇ ਪ੍ਰਤੀ ਨਫ਼ਰਤ ਫੈਲਾਈ ਜਾਵੇ।

ਭਾਰਤੀ ਸੰਵਿਧਾਨ ਦੇ ਨਿਰਮਾਣ ਸਮੇਂ ਨਿਰਮਾਤਾਵਾਂ ਨੇ ਅਤੇ ਖਾਸ ਕਰਕੇ ਡਾ ਅੰਬੇਦਕਰ ਨੇ ਇਸ ਗੱਲ ਦਾ ਖਾਸ ਧਿਆਨ ਰੱਖਿਆ ਗਿਆ ਸੀ ਕਿ ਭਾਰਤ ਨੂੰ ਇਕ ਧਰਮ ਨਿਰਪੱਖ ਰਾਸ਼ਟਰ ਬਣਾਇਆ ਜਾਵੇ। ਇਸ ਨੀਤੀ ਉਤੇ ਚਲਦਿਆਂ ਪਿਛਲੀ ਅੱਧੀ ਸਦੀ ਵਿਚ ਭਾਰਤ ਨੇ ਕਾਫੀ ਤਰੱਕੀ ਵੀ ਕੀਤੀ ਹੈ। ਜਾਤ-ਪਾਤ ਅਤੇ ਧਰਮਾਂ ਵਿਚ ਵੰਡੇ ਇਸ ਮੁਲਕ ਵਿਚ ਏਕਤਾ ਦੇ ਲਈ ਸੰਵਿਧਾਨ ਹੀ ਇਕ ਅਜਿਹਾ ਸੁਪਰੀਮ ਕਾਨੂੰਨ ਹੈ, ਜਿਹੜਾ ਧਾਰਮਿਕ ਸੰਕੀਰਨਤਾ ਘਟਾਉਣ ਦੀ ਪੈਰਵੀ ਕਰਦਾ ਹੈ ਪਰ ਸੰਘ ਪਰਿਵਾਰ ਦੀ ਅਗਵਾਈ ਵਾਲੀਆਂ ਸਰਕਾਰਾਂ ਦੇ ਹੋਂਦ ਵਿਚ ਆਉਣ ਤੇ ਭਾਰਤ ਵਿਚ ਧਰਮ-ਨਿਰਪੱਖਤਾ ਤੇ ਖਤਰੇ ਮੰਡਰਾਉਣ ਲੱਗ ਪੈਂਦੇ ਹਨ। ਪਿਛਲੇ 9 ਮਹੀਨਿਆਂ ਵਿਚ ਮੋਦੀ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਹਿੰਦੂਤਵੀ ਤੱਤਾਂ ਨੇ ਜਿਸ ਤਰ੍ਹਾਂ ਸ਼ੋਰ-ਸ਼ਰਾਬਾ ਕੀਤਾ, ਉਸ ਦਾ ਨਤੀਜਾ ਦਿੱਲੀ ਦੀਆਂ ਚੋਣਾਂ ਵਿਚ ਦੇਖਿਆ ਜਾ ਚੁੱਕਾ ਹੈ। ਅੱਗੇ ਵੀ ਜੇਕਰ ਮੋਦੀ ਸਰਕਾਰ ਆਪਣੀ ਹੀ ਵਿਚਾਰਧਾਰਾ ਦੇ ਲੋਕਾਂ ਦੇ ਇਸ ਖਰੂਦ ਨੂੰ ਨਾ ਰੋਕ ਸਕੇ ਤਾਂ ਉਹਨਾਂ ਤੇ ਸਵਾਲੀਆ ਨਿਸ਼ਾਨ ਲੱਗਣੇ ਲਾਜ਼ਮੀ ਹਨ।



- ਤਰਸੇਮ ਜਲੰਧਰੀ

# ਮੋਦੀ ਦੇ ਬਿਆਨ ਦਾ ਸੁਆਗਤ



ਫਰੈਡੀ ਜੋਜ਼ਫ

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਨਵੀਂ ਦਿੱਲੀ ਵਿਖੇ ਇੱਕ ਈਸਾਈ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਵਿਚ ਧਾਰਮਿਕ ਹਿੰਸਾ ਸਹਿਣ ਨਹੀਂ ਕੀਤੀ ਜਾਵੇਗੀ। ਸਰਕਾਰ ਜਨੂੰਨੀ ਅਨਸਰਾਂ ਨੂੰ ਬਖਸ਼ੇਗੀ ਨਹੀਂ। ਦਿੱਲੀ ਦੇ ਗਿਰਜਾ ਘਰਾਂ ਤੇ ਹਾਲ ਹੀ ਵਿੱਚ ਹੋਏ ਹਮਲਿਆਂ ਤੇ ਆਪਣੀ ਚੁੱਪ ਤੋੜਦੇ ਹੋਏ ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਿਸੇ ਵੀ ਧਾਰਮਿਕ ਸਮੂਹ ਨੂੰ ਨਫਰਤ ਫੈਲਾਉਣ ਦੀ ਇਜਾਜ਼ਤ ਨਹੀਂ ਦੇਵੇਗੀ। ਕਿਸੇ ਵੀ ਤਰ੍ਹਾਂ ਦੀ ਧਾਰਮਿਕ ਹਿੰਸਾ ਦੇ ਵਿਰੁਧ ਸਖਤੀ ਨਾਲ ਕਾਰਵਾਈ ਹੋਵੇਗੀ। ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਾਰੇ ਧਰਮਾਂ ਨੂੰ ਬਰਾਬਰ ਸਨਮਾਨ ਦਿੰਦੀ ਹੈ।

ਵਿਰੋਧੀ ਪਾਰਟੀਆਂ ਅਤੇ ਕੁਝ ਈਸਾਈ ਸੰਗਠਨਾਂ ਨੇ ਪ੍ਰਧਾਨ ਮੰਤਰੀ ਤੇ ਦੋਸ਼ ਲਾਇਆ ਸੀ ਕਿ ਦਿੱਲੀ ਵਿੱਚ 5 ਗਿਰਜਾ ਘਰਾਂ ਅਤੇ ਇਕ ਈਸਾਈ ਸਕੂਲ ਤੇ ਹਮਲਿਆਂ ਦੇ ਬਾਵਜੂਦ ਸ੍ਰੀ ਮੋਦੀ ਅੱਖਾਂ ਬੰਦ ਕਰ ਕੇ ਬੈਠੇ ਹਨ।

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਇਸ ਬਿਆਨ ਦਾ ਅਸੀਂ ਸਵਾਗਤ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਉਹ ਸਖਤੀ ਨਾਲ ਆਪਣੇ ਇਸ ਬਿਆਨ ਨੂੰ ਅਮਲੀ ਰੂਪ ਦੇਣਗੇ। ਪਰ ਇਸਦੇ ਨਾਲ ਹੀ ਦਿੱਲੀ ਪੁਲਿਸ ਦੇ ਕਮਿਸ਼ਨਰ ਦਾ ਜੋ ਬਿਆਨ ਆਇਆ ਹੈ, ਉਹ ਬਹੁਤ ਨਿਰਾਸ਼ਾਜਨਕ ਹੈ। ਉਨ੍ਹਾਂ ਨੂੰ ਗ੍ਰਹਿ ਮੰਤਰਾਲਾ ਨੇ ਖਾਸ ਤੌਰ ਤੇ ਦਿੱਲੀ ਵਿੱਚ ਚਰਚਾਂ ਅਤੇ ਸਕੂਲਾਂ ਤੇ ਹੋਏ ਹਮਲਿਆਂ ਬਾਰੇ ਉੱਤਰ ਦੇਣ ਲਈ ਸੱਦਿਆ ਸੀ। ਪਰ ਕਮਿਸ਼ਨਰ ਨੇ ਇਹ ਆਖ ਕੇ ਗੱਲ ਟਾਲ ਦਿੱਤੀ ਕਿ ਚਰਚਾਂ ਨਾਲੋਂ ਤਾਂ ਮੰਦਰਾਂ, ਗੁਰਦੁਆਰਿਆਂ ਅਤੇ ਮਸਜਿਦਾਂ ਤੇ ਵਧੇਰੇ ਹਮਲੇ ਹੋਏ ਹਨ। ਫਿਰ ਉਨ੍ਹਾਂ ਨੇ ਚਰਚਾਂ ਤੇ ਹੋਏ ਹਮਲਿਆਂ ਨੂੰ ਚੋਰੀ ਦੀਆਂ ਵਾਰਦਾਤਾਂ ਦੱਸਿਆ ਹੈ। ਜੇਕਰ ਮੰਦਰਾਂ, ਗੁਰਦੁਆਰਿਆਂ ਤੇ ਮਸਜਿਦਾਂ ਉੱਤੇ ਚਰਚਾਂ ਨਾਲੋਂ ਵੱਧ ਹਮਲੇ ਹੋਏ ਤਾਂ ਕੀ ਈਸਾਈ ਖੁਸ਼ ਹੋਣ ਕਿ ਉਨ੍ਹਾਂ ਤੇ ਸਭ ਤੋਂ ਘੱਟ ਹਮਲੇ ਹੋਏ ਹਨ? ਫਿਰ ਕਮਿਸ਼ਨਰ ਸਾਹਿਬ ਚਰਚਾਂ ਤੇ ਹੋਏ ਹਮਲਿਆਂ ਨੂੰ ਚੋਰੀ ਦੀਆਂ ਵਾਰਦਾਤਾਂ ਦੱਸ ਰਹੇ ਹਨ। ਕੀ ਚੋਰ ਤੋੜ ਭੰਨ ਕਰਨ ਜਾਂ ਅੱਗ ਲਾਉਣ ਆਉਂਦੇ ਹਨ? ਸ੍ਰੀ ਮੋਦੀ ਅਤੇ ਕਮਿਸ਼ਨਰ ਦੇ ਬਿਆਨ ਨੂੰ ਆਇਆਂ ਵੀ ਅੱਜ ਦੱਸ ਦਿਨ ਤੋਂ ਵੱਧ ਹੋ ਚੁੱਕੇ ਹਨ। ਕੀ ਉਹ ਦਸ ਸਕਦੇ ਹਨ ਕਿ ਚਰਚਾਂ ਉੱਤੇ ਹੋਏ ਹਮਲਿਆਂ ਦੀ ਜਾਂਚ ਕਿੰਨੀ ਕੁ ਅੱਗੇ ਵਧੀ ਹੈ।

ਅਸਲ ਵਿੱਚ ਫਿਰਕਾਪ੍ਰਸਤ ਤਾਕਤਾਂ ਦੇ ਨਾਲ ਨਾਲ ਪੁਲਿਸ ਦਾ ਰਵਈਆ ਵੀ ਠੀਕ ਕਰਨ ਦੀ ਲੋੜ ਹੈ। ਉੜੀਸਾ, ਗੁਜਰਾਤ, ਕਰਨਾਟਕ ਤੇ ਪੰਜਾਬ ਸਮੇਤ ਕਈ ਰਾਜਾਂ ਵਿੱਚ ਜੋ ਈਸਾਈਆਂ ਅਤੇ ਹੋਰ ਧਾਰਮਿਕ ਘਟ ਗਿਣਤੀਆਂ ਉੱਤੇ ਜੋ ਬੀਤੀ ਹੈ ਤੇ ਬੀਤ ਰਹੀ ਹੈ, ਉਸ ਲਈ ਪੁਲਿਸ ਵੀ ਬਹੁਤ ਹੱਦ ਤੱਕ ਜ਼ਿੰਮੇਵਾਰ ਹੈ। ਮੋਦੀ ਸਾਹਿਬ ਨੂੰ ਇਹ ਗੱਲ ਸਮਝਾਉਣ ਦੀ ਲੋੜ ਨਹੀਂ ਹੈ ਕਿ ਘਟਗਿਣਤੀਆਂ ਵਿਰੋਧੀ ਲੋਕ ਸਭ ਤੋਂ ਵੱਧ ਉਨ੍ਹਾਂ ਦੀ ਪਾਰਟੀ ਵਿੱਚ ਹੀ ਬੈਠੇ ਹਨ। ਇਸ ਕਰਕੇ ਮੋਦੀ ਸਾਹਿਬ ਨੂੰ ਗਲੀਆਂ ਵਿੱਚ ਝਾੜੂ ਫੇਰ ਕੇ ਸਫਾਈ ਕਰਨ ਦੀ ਬਜਾਏ ਆਪਣੀ ਪਾਰਟੀ ਵਿੱਚ ਸ਼ਾਮਲ ਘੱਟਗਿਣਤੀ ਵਿਰੋਧੀ ਤੱਤਾਂ ਦੇ ਮਨਾਂ ਨੂੰ ਸਾਫ ਕਰਨ ਦੀ ਲੋੜ ਹੈ। ਦੇਸ਼ ਨੂੰ ਅੱਜ ਬਾਹਰੀ ਸਫਾਈ ਦੀ ਵੀ ਲੋੜ ਹੈ ਪਰ ਮਨਾਂ ਦੀ ਸਫਾਈ ਉਸ ਨਾਲੋਂ ਵੀ ਵੱਧ ਜ਼ਰੂਰੀ ਹੈ। ਫਿਰਕਾਪ੍ਰਸਤ ਲੋਕਾਂ ਨੂੰ ਧਰਮ ਦੀ ਕੋਈ ਚਿੰਤਾ ਨਹੀਂ ਹੈ, ਉਹ ਤਾਂ ਲੋਕਾਂ ਨੂੰ ਸਿਆਸੀ ਤੌਰ ਤੇ ਗੁਲਾਮ ਬਣਾਉਣਾ ਚਾਹੁੰਦੇ ਹਨ ਜੋ ਲੋਕ ਸਿਆਸੀ ਤੌਰ ਤੇ ਉਨ੍ਹਾਂ ਦੇ ਗੁਲਾਮ ਹੋਣ ਉਨ੍ਹਾਂ ਦੇ ਧਰਮ ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ।

ਉਨ੍ਹਾਂ ਨੂੰ ਕਰੀਨਾ ਕਪੂਰ ਦੇ ਧਰਮ ਬਦਲਣ ਤੇ ਇਤਰਾਜ਼ ਹੈ ਕਿਉਂਕਿ ਉਹ ਭਾਜਪਾ ਵਿੱਚ ਸ਼ਾਮਲ ਨਹੀਂ ਹੈ। ਧਰਮਿੰਦਰ ਤੇ ਹੇਮਾ ਮਾਲਿਨੀ ਮੁਸਲਮਾਨ ਬਣ ਕੇ ਸ਼ਾਦੀ ਕਰ ਲੈਣ ਤਾਂ ਉਨ੍ਹਾਂ ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਕਿਉਂਕਿ ਉਹ ਉਨ੍ਹਾਂ ਦੀ ਪਾਰਟੀ ਦੇ ਹੀ ਲੋਕ ਹਨ। ਨਕਵੀ, ਸ਼ਾਹ ਹੁਸੈਨ ਤੇ ਨਜਮਾ ਹੇਪਤੁਲਾ ਦੀ ਘਰ ਵਾਪਸੀ ਜ਼ਰੂਰੀ ਨਹੀਂ ਕਿਉਂਕਿ ਉਹ ਤਾਂ ਉਨ੍ਹਾਂ ਦੀ ਪਾਰਟੀ ਦੇ ਹੀ ਹਨ। ਉਨ੍ਹਾਂ ਨੂੰ ਹਿੰਦੂ ਬਣਾਉਣਾ ਕਿਉਂ ਜ਼ਰੂਰੀ ਨਹੀਂ? ਗੱਲਾਂ ਬਹੁਤ ਹਨ। ਪਰ ਜਿੰਨਾ ਕੁਝ ਪ੍ਰਧਾਨ ਮੰਤਰੀ ਨੇ ਕਿਹਾ ਹੈ ਉਸ ਉੱਤੇ ਹੀ ਅਮਲ ਹੋ ਜਾਵੇ ਤਾਂ ਭਾਰਤੀ ਸਮਾਜ ਵਿੱਚ ਵਧ ਰਹੀਆਂ ਤਰੇੜਾਂ ਨੂੰ ਘੱਟ ਕੀਤਾ ਜਾ ਸਕਦਾ ਹੈ। ਭਾਰਤ ਨੂੰ ਮਜਬੂਤ ਕੀਤਾ ਜਾ ਸਕਦਾ ਹੈ ਅਤੇ ਅੰਤਰ ਰਾਸਟਰੀ ਪੱਧਰ ਤੇ ਉਸਦਾ ਅਕਸ ਸੁਧਾਰਿਆ ਜਾ ਸਕਦਾ ਹੈ।

# ਗਿਆਨ-ਵਿਗਿਆਨ



ਮੇਘ ਰਾਜ ਮਿੱਤਰ

+91-98887-87440

### ਸਿਉਂਕ ਆਪਣੀ ਨਗਰੀ ਕਿਵੇਂ ਵਸਾਉਂਦੀ ਹੈ?

ਜਦੋਂ ਹਾਲਾਤ ਸਾਜਗਾਰ ਹੁੰਦੀਆਂ ਹਨ ਤਾਂ ਕੁਝ ਖਾਸ ਸਿਉਂਕਾ ਆਪਣੇ ਟਿੱਲੇ ਵਿੱਚੋਂ ਬਾਹਰ ਨਿਕਲ ਆਉਂਦੀਆਂ ਹਨ। ਇਹਨਾਂ ਦੇ ਖੰਭ ਹੁੰਦੇ ਹਨ। ਕੁਝ ਸਫਰ ਤਹਿ ਕਰਨ ਤੋਂ ਬਾਅਦ ਇਹ ਆਪਣੇ ਖੰਭ ਸੁੱਟ ਦਿੰਦੀਆਂ ਹਨ ਤੇ ਗਰਾਉਂਡ ਉੱਤੇ ਡਿੱਗ ਪੈਂਦੀਆਂ ਹਨ। ਇੱਥੇ ਇੱਕ ਨਰ ਅਤੇ ਮਾਦਾ ਸਿਉਂਕ ਕੋਈ ਪੁਰਾਣੀ ਲਕੜੀ ਨੂੰ ਆਪਣਾ ਘਰ ਬਣਾ ਲੈਂਦੇ ਹਨ ਅਤੇ ਨਰ ਤੋਂ ਸੈੱਲ ਪ੍ਰਾਪਤ ਕਰਕੇ ਮਾਦਾ ਆਪਣੇ ਸੈੱਲ ਮਿਲਾਕੇ ਆਂਡੇ ਦੇਣੇ ਸ਼ੁਰੂ ਕਰ ਦਿੰਦੀ ਹੈ। ਇਸ ਤਰ੍ਹਾਂ ਕਾਮਾ ਤੇ ਰਾਖਾ ਸਿਉਂਕ ਵੱਡੀ ਗਿਣਤੀ ਵਿੱਚ ਪੈਦਾ ਹੋ ਜਾਂਦੀ ਹੈ। ਘਰ ਹੋਰ ਵੱਡਾ ਕੀਤਾ ਜਾਂਦਾ ਹੈ। ਸਾਲਾਂ ਬੱਧੀ ਰਾਜਾ ਤੇ ਰਾਣੀ ਸਿਉਂਕ ਆਂਡੇ ਦਿੰਦੇ ਰਹਿੰਦੇ ਹਨ ਤੇ ਆਪਣੇ ਪਰਿਵਾਰ ਨੂੰ ਵਧਾਉਂਦੇ ਰਹਿੰਦੇ ਹਨ। ਰਾਣੀ ਸਿਉਂਕ ਦਾ ਆਕਾਰ ਕਾਫੀ ਵੱਡਾ ਹੋ ਜਾਂਦਾ ਹੈ ਤੇ ਉਸਦੀ ਆਂਡੇ ਦੇਣ ਦੀ ਸਮੱਰਥਾ ਵੀ ਵੱਧ ਜਾਂਦੀ ਹੈ। ਇਸ ਤਰ੍ਹਾਂ ਸਿਉਂਕ ਆਪਣੀ ਨਗਰੀ ਵਸਾਉਂਦੀ ਹੈ। ਕਈ ਵਾਰੀ ਤਾਂ ਇਹਨਾਂ ਦੀਆਂ ਬਸਤੀਆਂ 10- 10 ਫੁੱਟ ਉਚੀਆਂ ਹੋ ਜਾਂਦੀਆਂ ਹਨ।

### ਨਿਉਲਾ ਸੱਪ ਨੂੰ ਕਿਵੇਂ ਮਾਰਦਾ ਹੈ?

ਬਹੁਤ ਸਾਰੇ ਲੋਕਾਂ ਨੇ ਨਿਉਲੇ ਤੇ ਸੱਪ ਦੀ ਲੜਾਈ ਨੂੰ ਅਕਸਰ ਵੇਖਿਆ ਹੈ। ਨਿਉਲਾ ਸੱਪ ਤੋਂ ਕਮਜ਼ੋਰ ਹੁੰਦਾ ਹੋਇਆ ਵੀ ਸੱਪ ਨੂੰ ਮਾਰ ਦਿੰਦਾ ਹੈ। ਇਸ ਦੀ ਸਫਲਤਾ ਦਾ ਰਾਜ ਸਿਰਫ ਇਸਦਾ ਫੁਰਤੀਲਾਪਣ ਹੀ ਹੈ। ਇਸ ਸੱਪ ਨੂੰ ਆਪਣੇ ਉੱਪਰ ਹਮਲਾ ਕਰਨ ਲਈ ਉਕਸਾਉਂਦਾ ਹੈ। ਜਦੋਂ ਸੱਪ ਇਸ ਉੱਪਰ ਡੰਗ ਚਲਾਉਂਦਾ ਹੈ ਤਾਂ ਉਸ ਸਮੇਂ ਇਹ ਚਲਾਕੀ ਨਾਲ ਥੋੜਾ ਜਿਹਾ ਪਾਸੇ ਹਟ ਜਾਂਦਾ ਹੈ ਤੇ ਸੱਪ ਦੀ ਸਿਰੀ ਫੜ ਲੈਂਦਾ ਹੈ। ਇਸ ਤਰ੍ਹਾਂ ਇਹ ਸੱਪ ਨੂੰ ਸਿਰ ਤੋਂ ਜ਼ਖਮੀ ਕਰਕੇ ਮਾਰ ਦਿੰਦਾ ਹੈ।

### ਕੀ ਡੱਡਾਂ ਦੀ ਬਰਸਾਤ ਹੁੰਦੀ ਹੈ?

ਡੱਡੂ ਅਜਿਹਾ ਜੀਵ ਹੈ ਜਿਹੜਾ ਬਰਸਾਤ ਸਮੇਂ ਆਪਣੇ ਸਰੀਰ ਵਿੱਚ ਕਾਫੀ ਪਾਣੀ ਜਮਾਂ ਕਰ ਲੈਂਦਾ ਹੈ। ਜਮੀਨ ਵਿੱਚ ਹੀ ਥੱਲੇ ਚਲਿਆ ਜਾਂਦਾ ਹੈ। ਕਾਫੀ ਸਮੇਂ ਲਈ ਇਹ ਆਪਣੀਆਂ ਹਰਕਤਾਂ ਬੰਦ ਰੱਖਦਾ ਹੈ। ਜਿਸ ਨਾਲ ਇਸਦੀ ਖੁਰਾਕ ਤੇ ਪਾਣੀ ਦੀ ਲੋੜ ਨਾ ਮਾਤਰ ਰਹਿ ਜਾਂਦੀ ਹੈ। ਆਪਣੇ ਸਰੀਰ ਵਿੱਚ ਜਮਾਂ ਖੁਰਾਕ ਤੇ ਪਾਣੀ ਸਰੀਰ ਵਿੱਚ ਡੱਡੂ ਬਰਸਾਤ ਦੇ ਮੌਸਮ ਦਾ ਇੰਤਜ਼ਾਰ ਕਰਦਾ ਹੈ ਅਤੇ ਸੁੱਕਾ ਤੇ ਤੀਲਾ ਹੋ ਜਾਂਦਾ ਹੈ। ਮੌਸਮ ਆਉਣ ਤੇ ਫਿਰ ਆਪਣੀਆਂ ਬਿੱਲਾਂ ਵਿੱਚੋ ਵਾਪਸ ਜਮੀਨ ਤੇ ਆ ਜਾਂਦਾ ਹੈ। ਪਹਿਲੀ ਬਰਸਾਤ ਤੇ ਇੰਜ ਮਾਲੂਮ ਹੁੰਦਾ ਹੈ ਜਿਵੇਂ ਡੱਡਾਂ ਦੀ ਬਰਸਾਤ ਹੋਈ ਹੋਵੇ।

### ਤੋਤਾ ਕਿਸਮਤ ਕਿਵੇਂ ਦਸਦਾ ਹੈ?

ਹਰ ਸ਼ਹਿਰ ਵਿੱਚ ਤੋਤੇ ਰਾਹੀਂ ਭਵਿੱਖ ਦੱਸਣ ਵਾਲੇ ਵਿਅਕਤੀ ਹਾਜ਼ਰ ਹੁੰਦੇ ਹਨ। ਇਹ ਲੋਕ ਤੋਤੇ ਨੂੰ ਇਨਾਮ ਤੇ ਸਜ਼ਾ ਰਾਹੀਂ ਟ੍ਰੇਨਿੰਗ ਦੇ ਕੇ ਲਫਾਫਾ ਚੁੱਕਣ ਸਿਖਾ ਲੈਂਦੇ ਹਨ।

ਜਦੋਂ ਤੋਤੇ ਨੂੰ ਕੋਈ ਇਸ਼ਾਰਾ ਕੀਤਾ ਜਾਂਦਾ ਹੈ ਤਾਂ ਉਹ ਪਿੰਜਰੇ ਵਿੱਚੋਂ ਬਾਹਰ ਆ ਕੇ ਇੱਕ ਲਫਾਫਾ ਚੁੱਕ ਦਿੰਦਾ ਹੈ। ਇਸ ਕੰਮ ਦੇ ਇਨਾਮ ਵਜੋਂ ਉਸਨੂੰ ਇੱਕ ਦਾਣਾ ਖਾਣ ਲਈ ਦਿੱਤਾ ਜਾਂਦਾ ਹੈ। ਜੇ ਉਹ ਅਜਿਹਾ ਨਾਹੀਂ ਕਰਦਾ ਤਾਂ ਉਸਨੂੰ ਭੁੱਖਾ ਰੱਖਿਆ ਜਾਂਦਾ ਹੈ ਤੇ ਕੁੱਟਿਆ ਵੀ ਜਾਂਦਾ ਹੈ।

ਇਸ ਤਰ੍ਹਾਂ ਤੋਤਾ ਮਾਲਕ ਦੀ ਇੱਛਾ ਅਨੁਸਾਰ ਕੰਮ ਕਰਨਾ ਸਿੱਖ ਜਾਂਦਾ ਹੈ। ਤੋਤੇ ਦੁਆਰ ਚੁੱਕੇ ਲਫਾਫੇ ਵਿੱਚ ਕੁਝ ਗੱਲਾਂ ਹੁੰਦੀਆਂ ਹਨ ਤੇ ਤੋਤੇ ਵਾਲਾ ਉਸ ਵਿੱਚੋਂ ਕੁਝ ਪੜ੍ਹਕੇ ਅਤੇ ਕੁਝ ਆਪਣੇ ਕੋਲੋਂ ਜੋੜਕੇ ਭੋਲੇ ਆਦਮੀਆਂ ਨੂੰ ਭਵਿੱਖ ਦੇ ਬਾਰੇ ਦੱਸਕੇ ਆਪਣੀ ਰੋਟੀ ਰੋਜ਼ੀ ਕਮਾ ਲੈਂਦਾ ਹੈ। ਭਵਿੱਖ ਬਾਰੇ ਦੱਸਣ ਤੋਤੇ ਵਾਲਿਆਂ ਨੂੰ ਕਿਵੇਂ ਪਤਾ ਹੋ ਸਕਦਾ ਹੈ ਉਹਨਾਂ ਨੂੰ ਤਾਂ ਆਪਣੇ ਹੀ ਭਵਿੱਖ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ।

### ਬਲਦਾਂ ਤੋਂ ਹਾਂ ਜਾਂ ਨਹੀ ਕਿਵੇ ਕਰਵਾਈ ਜਾਂਦੀ ਹੈ?

ਸਾਡੇ ਦੇਸ਼ ਵਿੱਚ ਭੋਲੇ ਭਾਲੇ ਤੇ ਚਲਾਕ ਲੋਕਾਂ ਦੀ ਕਮੀ ਨਹੀਂ ਹੈ। ਇੱਕ ਭੁੱਖੇ ਵਿਅਕਤੀ ਨੂੰ ਜਦੋਂ ਰੁਜ਼ਗਾਰ ਨਾ ਮਿਲਿਆ ਤਾਂ ਉਸਨੇ ਬਲਦ ਹੀ ਖਰੀਦ ਲਿਆ। ਕੁਝ ਦਿਨਾਂ ਦੀ ਮਿਹਨਤ ਨਾਲ ਉਸਨੇ ਬਲਦ ਨੂੰ ਆਪਣੇ ਡੰਡੇ ਦੇ ਇਸ਼ਾਰ ਨਾਲ ਸਿਰ ਹਾਂ ਜਾਂ ਨਾਂਹ ਵਿੱਚ ਮਾਰਨਾ ਹੀ ਸਿਖਾ ਲਿਆ।

ਮੇਲੀਆਂ ਤੇ ਉਹ ਬਲਦ ਨੂੰ ਲੈ ਜਾਂਦਾ ਸੀ ਤੇ ਜਦੋਂ ਉਹ ਡੰਡੇ ਦੇ ਸਿਰੇ ਤੇ ਹੱਥ ਪਾ ਕੇ ਬਲਦ ਨੂੰ ਪੁੱਛਦਾ ਕਿ ਕੀ ਇਸ ਵਿਅਕਤੀ ਦਾ ਕੰਮ ਬਣ ਜਾਵੇਗਾ ਤਾਂ ਉਹ ਆਪਣਾ ਸਿਰ ਹਾਂ ਵਿੱਚ ਹਿਲਾ ਦਿੰਦਾ ਸੀ ਡੰਡੇ ਨੂੰ ਵਿਚਕਾਰੋਂ ਫੜਕੇ ਜਦੋਂ ਉਹ ਪੁਛਦਾ ਸੀ ਕਿ ਕੀ ਇਹ ਵਿਦਿਆਰਥੀ ਇਮਤਿਹਾਨ ਵਿੱਚੋਂ ਪਾਸ ਹੋ ਜਾਵੇਗਾ ਤਾ ਬਲਦ ਨਾਂਹ ਵਿੱਚ ਸਿਰ ਮਾਰ ਦਿੰਦਾ ਸੀ। ਇਸ ਤਰ੍ਹਾਂ ਹਰੇਕ ਸੁਆਲ ਦੇ ਪੰਜ ਰੁਪਏ ਪ੍ਰਾਪਤ ਕਰਕੇ ਇਹ ਆਦਮੀ ਦਿਨਾਂ ਵਿੱਚ ਹੀ ਅਮੀਰ ਹੋ ਗਿਆ ਸੀ।

### ਮੱਖੀ ਜਿਉਂਦੀ ਕਿਵੇਂ ਕੀਤੀ ਜਾ ਸਕਦੀ ਹੈ?

ਘਰਾਂ ਵਿੱਚ ਗਰਮੀਆਂ ਦੇ ਦਿਨਾਂ ਵਿੱਚ ਮੱਖੀਆਂ ਦੀ ਭਰਮਾਰ ਹੁੰਦੀ ਹੈ। ਤੁਸੀਂ ਦੋ ਚਾਰ ਮੱਖੀਆਂ ਫੜ ਲਵੋ ਅਤੇ ਮੱਖੀਆਂ ਸਮੇਤ ਹੀ ਆਪਣੇ ਹੱਥ ਨੂੰ ਪਾਣੀ ਵਿੱਚ ਡੁਬੋ ਦਿਉ। ਕੁਝ ਸਮੇਂ ਵਿੱਚ ਮੱਖੀਆਂ ਮਰ ਜਾਣਗੀਆਂ ਅਤੇ ਉਹਨਾਂ ਨੂੰ 10 ਮਿੰਟ ਲਈ ਪਾਣੀ ਵਿੱਚ ਪਈਆਂ ਰਹਿਣ ਦਿਉ। ਤਾਂ ਜੋ ਤੁਹਾਨੂੰ ਯਕੀਨ ਹੋ ਜਾਵੇ ਕਿ ਉਹ ਮਰ ਗਈਆ ਹਨ। ਹੁਣ ਤੁਸੀਂ ਇਹਨਾਂ ਨੂੰ ਬਾਹਰ ਕੱਢਕੇ ਧੁੱਪ ਵਿੱਚ ਰੱਖ ਦੇਵੋ। ਅਤੇ ਆਪਣੇ ਘਰ ਦੇ ਚੁੱਲ੍ਹੇ ਦੀ ਠੰਡੀ ਸੁਆਹ ਜਾਂ ਸਰੀਰ ਤੇ ਲਾਉਣ ਵਾਲਾ ਪਾਊਡਰ ਇਹਨਾਂ ਉਪਰ ਪਾ ਦੇਵ। ਲਗਭਗ 5 ਮਿੰਟਾਂ ਵਿੱਚ ਹੀ ਮੱਖੀਆਂ ਹਰਕਤ ਵਿੱਚ ਆ ਜਾਣਗੀਆਂ ਅਤੇ ਉਹ ਕੁਝ ਸਮੇਂ ਬਾਅਦ ਹੀ ਉੱਡਣ ਦੇ ਯੋਗ ਹੋ ਜਾਣਗੀਆਂ। ਧਿਆਨ ਰੱਖੋ ਕਿ ਤੁਸੀਂ ਮੱਖੀਆਂ ਨੂੰ ਫੜਨ ਸਮੇਂ ਉਹਨਾਂ ਦੇ ਅੰਗ ਪੈਰ ਨਹੀ ਟੁੱਟਣ ਦੇਵੋਗੇ।

### ਮੱਝਾਂ ਤੇ ਹੋਰ ਪਸ਼ੂ ਜੁਗਾਲੀ ਕਿਉਂ ਕਰਦੇ ਹਨ?

ਕਰੋੜਾਂ ਸਾਲ ਧਰਤੀ ਤੇ ਰਹਿਣ ਵਾਲੇ ਜੀਵਾਂ ਦਾ ਆਪਸ ਵਿੱਚ ਅਤੇ ਆਲੇ ਦੁਆਲੇ ਦੀਆਂ ਹਾਲਤਾਂ ਨਾਲ ਸੰਘਰਸ਼ ਜਾਰੀ ਰਿਹਾ ਹੈ ਜੋ ਅੱਜ ਵੀ ਜਾਰੀ ਹੈ। ਜੀਵ ਵਿਕਾਸ ਦੇ ਇਸ ਸਮੇਂ ਦੌਰਾਨ ਮੱਝਾਂ ਤੇ ਗਾਵਾਂ ਆਦਿ ਦੀਆਂ ਨਸਲਾਂ ਪੈਦਾ ਹੋ ਗਈਆਂ। ਇਹ ਨਸਲਾਂ ਸ਼ਾਕਾਹਾਰੀ ਸਨ ਤੇ ਮਾਸਾਹਾਰੀ ਸਨ ਤੇ ਮਾਸਾਹਾਰੀ ਜਾਨਵਰ ਇਹਨਾਂ ਦੇ ਸ਼ਿਕਾਰ ਦੀ ਤਾਕ ਵਿੱਚ ਰਹਿੰਦੇ ਸਨ। ਇਸ ਲਈ ਜਦੋਂ ਇਹਨਾਂ ਨੂੰ ਮੌਕਾ ਮਿਲਦਾ ਤਾਂ ਇਹ ਛੇਤੀ ਛੇਤੀ ਆਪਣਾ ਭੋਜਨ ਚਰਕੇ ਲੁਕਵੀਆਂ ਥਾਵਾਂ ਤੇ ਬੈਠਦੇ ਸਨ ਤੇ ਆਪਣੇ ਖਾਧੇ ਹੋਏ ਭੋਜਨ ਨੂੰ ਪੇਟ ਵਿੱਚੋਂ ਮੂੰਹ ਵਿੱਚ ਲੈ ਆਉਂਦੇ ਸਨ ਅਤੇ ਫਿਰ ਇਸ ਨੂੰ ਚੰਗੀ ਤਰ੍ਹਾਂ ਚਿੱਥਕੇ ਖਾਂਦੇ ਸਨ। ਉਹਨਾਂ ਦੀ ਇਸ ਕ੍ਰਿਆ ਨੂੰ ਜੁਗਾਲੀ ਕਰਨਾ ਆਖਦੇ ਹਨ। ਜੁਗਾਲੀ ਦੀ ਇਹ ਕ੍ਰਿਆ ਜਾਨਵਰ ਕਿਵੇਂ ਕਰਦੇ ਹਨ।

ਇਹਨਾਂ ਦਾ ਪੇਟ ਚਾਰ ਹਿੱਸਿਆਂ ਵਿੱਚ ਵੰਡਿਆਂ ਹੁੰਦਾ ਹੈ। ਪਹਿਲੇ ਪੇਟ ਵਿੱਚ ਕੁਝ ਰਸ ਇਸ ਵਿੱਚ ਮਿਲ ਜਾਂਦੇ ਹਨ। ਦੂਜੇ ਵਿੱਚ ਇਹ ਜੁਗਾਲੀ ਕਰਨ ਦੇ ਯੋਗ ਹੋ ਜਾਂਦਾ ਹੈ। ਇਸਤੋਂ ਬਾਅਦ ਪਸ਼ੂ ਇਸ ਭੋਜਨ ਨੂੰ ਦੁਆਰਾ ਆਪਣੇ ਮੂੰਹ ਵਿੱਚ ਲਿਆ ਕੇ ਚਿੱਥਕੇ ਹਨ। ਫਿਰ ਇਹ ਤੀਸਰੇ ਭਾਗ ਵਿੱਚ ਪਹੁੰਚ ਜਾਂਦਾ ਹੈ। ਇਸ ਤੋਂ ਬਾਅਦ ਚੌਥੇ ਵਿੱਚ ਦੀ ਹੁੰਦਾ ਹੋਇਆ ਇਹ ਅੰਤੜੀਆਂ ਵਿੱਚ ਜਾਂਦਾ ਹੈ। ਇਸ ਤਰ੍ਹਾਂ ਇਹ ਕ੍ਰਿਆ ਪੂਰਨ ਹੋ ਜਾਂਦੀ ਹੈ।

### ਗਿਰਗਿਟ ਰੰਗ ਕਿਵੇਂ ਬਦਲਦਾ ਹੈ?

ਗਿਰਗਿਟ ਦੀ ਚਮੜੀ ਦੀ ਉੱਪਰਲੀ ਤਹਿ ਮੋਮੀ ਕਾਗਜ਼ ਦੀ ਤਰ੍ਹਾਂ ਪਾਰਦਰਸ਼ੀ ਹੁੰਦੀ ਹੈ। ਇਸ ਪਰਤ ਦੇ ਥੱਲੇ ਤਿੰਨ ਰੰਗਾਂ ਦੇ ਸੈੱਲਾਂ ਦੇ ਬਣੇ ਦਾਣੇ ਹੁੰਦੇ ਹਨ। ਇਹ ਰੰਗ ਹੁੰਦੇ ਹਨ ਪੀਲੇ, ਕਾਲੇ ਤੇ ਲਾਲ। ਇਹ ਦਾਣੇ ਇੱਕ ਥਾਂ ਤੋਂ ਦੂਸਰੇ ਥਾਂ ਤੱਕ ਗਤੀ ਕਰ ਸਕਦੇ ਹਨ। ਜਦੋਂ ਗਿਰਗਿਟ ਆਪਣੀ ਚਮੜੀ ਨੂੰ ਸੁੰਗੇੜਦਾ ਹੈ ਤਾਂ ਇਹਨਾਂ ਦਾਣਿਆਂ ਦੀ ਸੰਖਿਆ ਕਿਸੇ ਇੱਕ ਥਾਂ ਤੇ ਵੱਧ ਜਾਂਦੀ ਹੈ।

ਤਾਂ ਇਸ ਤਰ੍ਹਾਂ ਰੰਗ ਕਾਲਾ ਨਜ਼ਰ ਆਉਂਦਾ ਹੈ। ਇਹ ਆਪਣਾ ਪੀਲਾ ਤੇ ਹਰਾ ਰੰਗ ਵੀ ਕਰ ਸਕਦਾ ਹੈ। ਚਮੜੀ ਦੇ ਰੰਗ ਬਦਲਣ ਕਾਰਨ ਇਹ ਸੱਪਾਂ ਅਤੇ ਹੋਰ ਜਾਨਵਰਾਂ ਤੋਂ ਆਪਣਾ ਬਚਾਅ ਕਰ ਜਾਂਦਾ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# 108 ਸੰਤ ਹਰਚਰਨ ਦਾਸ ਧੂਣੇਂ ਵਾਲੇ ਮਾਹਿਲਪੁਰ ਵਾਲਿਆਂ ਦਾ ਅਚਾਨਕ ਦੇਹਾਂਤ

## ਸਸਕਾਰ ਮੌਕੇ ਹਰਚਰਨ ਸਿੰਘ ਬੈਂਸ ਸਮੇਤ ਹਜਾਰਾਂ ਸੰਗਤ ਅਤੇ ਸੰਤ ਮਹਾਂ ਪੁਰਸ਼ ਪੁੱਜੇ

**ਮਾਹਿਲਪੁਰ (ਸ਼ਿਵ ਕੁਮਾਰ ਬਾਵਾ)–** ਦੇਸ਼ ਵਿਦੇਸ਼ ਵਿਚ ਪ੍ਰਸਿੱਧ ਮਾਹਿਲਪੁਰ ਲੰਗੇਰੀ ਰੋਡ ਤੇ ਸਥਿੱਤ ਡੇਰਾ 'ਕੁੱਟੀਆ 108 ਸੰਤ ਧਿਆਨ ਦਾਸ ਜੀ ਧੂਣੇ ਵਾਲੇ ' ਹੁਰਾਂ ਦੇ ਡੇਰੇ ਦੇ ਮੌਜੂਦਾ ਮੁੱਖ ਪ੍ਰਬੰਧਕ ਬਾਬਾ ਚਰਨ ਦਾਸ ਜੀ ਧੂਣੇ ਵਾਲਿਆਂ ਦੀ 24 ਫਰਵਰੀ ਦੀ ਰਾਤ ਨੂੰ ਲੱਗਭਗ 1.00 ਵਜੇ ਅਚਾਨਕ ਮੌਤ ਦੀ ਖਬਰ ਸੁਣਕੇ ਅੱਜ ਵੱਡੀ ਗਿਣਤੀ ਵਿਚ ਸੰਗਤਾਂ, ਸ਼ਰਧਾਲੂ, ਡੇਰਿਆਂ ਦੇ ਪ੍ਰਮੁੱਖ ਸੰਤ ਮਹਾਂਪੁਰਸ਼ ਅਤੇ ਸਿਆਸੀ ਆਗੂ ਡੇਰੇ ਪੁੱਜ ਗਏ। ਅੱਜ ਸੰਤ ਚਰਨ ਦਾਸ ਦੀ ਮ੍ਰਿਤਕ ਦਹਿ ਨੂੰ ਸਸਕਾਰ ਤੋਂ ਪਹਿਲਾਂ ਮਾਹਿਲਪੁਰ ਸ਼ਹਿਰ ਦੀ ਪ੍ਰਕਰਮਾ ਕਰਵਾਈ ਗਈ। ਮ੍ਰਿਤਕ ਦਹਿ ਨੂੰ ਪਾਲਕੀ ਵਿਚ ਸ਼ਾਂਨਦਾਰ ਢੰਗ ਨਾਲ ਸਜਾਕੇ ਬੈਂਡ ਬਾਜ਼ਿਆਂ ਨਾਲ ਪ੍ਰਕਰਮਾ ਕਰਵਾਈ ਗਈ। ਇਸ ਮੌਕੇ ਨਗਰ ਪੰਚਾਇਤ ਮਾਹਿਲਪੁਰ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ ਬੈਂਸ, ਹਰਪ੍ਰੀਤ ਸਿੰਘ ਬੈਂਸ, ਜਸਪ੍ਰੀਤ ਸਿੰਘ ਬੈਂਸ, ਰਾਧਾ ਕ੍ਰਿਸ਼ਨ ਮੰਦਰ ਪ੍ਰਬੰਧਕ ਕਮੇਟੀ, ਬਾਪੂ ਗੰਗਾ ਦਾਸ, ਬੇਕੁੰਠ ਧਾਮ ਡੇਰਾ ਦੋ ਗੁੱਤਾਂ ਵਾਲੇ ਭੁੱਲੇਵਾਲ ਗੁੱਜਰਾਂ, ਸੰਤ ਹਰਮੀਤ ਸਿੰਘ ਬਣਾਂ ਸਾਹਿਬ ਬਾਹੋਵਾਲ, ਬਾਬਾ ਹਰੀ ਦਾਸ , ਬਾਬਾ ਅਮਰਦਾਸ, ਬਾਬਾ ਬਲਜੀਤ ਸਿੰਘ, ਪ੍ਰਿੰ ਵਿਨੋਦ ਹਾਂਡਾ, ਬਲਦੇਵ ਸਿੰਘ ਬਲਦੇਵ ਸਿੰਘ ਦੀਪ, ਗਊਸ਼ਾਲਾ ਮਾਹਿਲਪੁਰ ਦੀ ਪ੍ਰਬੰਧਕ ਕਮੇਟੀ ਦੇ ਆਗੂਆਂ ਸਮੇਤ ਵੱਡੀ ਗਿਣਤੀ ਵਿਚ ਔਰਤ ਸੰਗਤਾ ਬਾਬਾ ਜੀ ਦਾ ਗੁਣਗਾਨ ਅਤੇ ਜਾਪ ਕਰ ਰਹੀਆਂ ਸਨ। ਸਮੁੱਚੇ ਸ਼ਹਿਰ ਦੀ ਪ੍ਰਕਰਮਾ ਉਪਰੰਤ ਡੇਰੇ ਪੁੱਜਕੇ ਸੰਗਤਾਂ ਵਲੋਂ ਮ੍ਰਿਤਕ ਸੰਤਾਂ ਦਾ ਸਸਕਾਰ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਹਰਚਰਨ ਸਿੰਘ ਬੈਂਸ ਵਿਸ਼ੇਸ਼ ਤੌਰ ਤੇ ਪੁੱਜੇ। ਬਾਬਾ ਹਰੀ ਦਾਸ ਅਤੇ ਬਾਬਾ ਅਮਰਦਾਸ ਨੇ ਦੱਸਿਆ ਕਿ ਕੁੱਟੀਆ ਧਿਆਨ ਦਾਸ ਜੀ ਧੂਣੇ ਵਾਲੇ ਮਾਹਿਲਪੁਰ ਦੇ ਪ੍ਰਸਿੱਧ ਸੰਤ ਸਨ ਜਿਹਨਾਂ ਦੇ ਵੱਡੀ ਗਿਣਤੀ ਵਿਚ ਸ਼ਰਧਾਲੂ ਦੇਸ਼ਾਂ ਵਿਦੇਸ਼ਾਂ ਵਿਚ ਰਹਿ ਰਹੇ ਹਨ। ਉਹਨਾਂ ਦੱਸਿਆ ਉਹ 18 ਸਾਲ ਦੇ ਸਨ ਜਦੋਂ ਉਹ ਮਲਕਪਰਾ ਜਲੰਧਰ ਤੋਂ ਇਥੇ ਆ ਕੇ ਰਹਿਣ ਲੱਗੇ। 1940 ਵਿਚ ਉਹਨਾਂ ਬਾਬਾ ਧਿਆਨ ਦਾਸ ਜੀ ਤੋਂ ਉਦਾਸੀ ਸੰਪਰਦਾਇ ਦੀ ਦੀਕਸ਼ਾ ਪ੍ਰਾਪਤ ਕੀਤੀ । 1958 ਵਿਚ ਬਾਬਾ ਧਿਆਨ ਦਾਸ ਜੀ ਸਵਰਗ ਸੁਧਾਰ ਗਏ । ਉਹਨਾਂ ਦੀ ਮੌਤ ਤੋਂ ਬਾਅਦ ਬਾਬਾ ਚਰਨ ਦਾਸ ਕੁੱਟੀਆ ਦਾ ਪ੍ਰਬੰਧ ਚਲਾ ਰਹੇ ਸਨ ਜਿਹਨਾਂ ਦੀ 24 ਫਰਵਰੀ ਦੀ ਤੜਕੇ ਮੌਤ ਹੋ ਗਈ। ਉਕਤ ਡੇਰਾ ਇਲਾਕੇ ਵਿਚ ਸਮਾਜ ਸੇਵੀ ਤੇ ਧਾਰਮਿਕ ਕੰਮਾਂ ਲਈ ਸਭ ਤੋਂ ਅੱਗੇ ਹੋ ਕੇ ਯੋਗਦਾਨ ਪਾਉਣ ਕਰਕੇ ਚਰਚਿਤ ਹੈ। ਸਸਕਾਰ ਮੌਕੇ ਸਮੁੱਚੇ ਮਾਹਿਲਪੁਰ ਸ਼ਹਿਰ ਦੇ ਲੋਕ ਡੇਰੇ ਪੁੱਜੇ ਹੋਏ ਸਨ। ਇਸ ਮੌਕੇ ਦੇਸ਼ ਦੇ ਵੱਖ ਵੱਖ ਸੂਬਿਆਂ ਤੋਂ ਉਦਾਸੀ ਸੰਪਰਦਾਇ ਨਾਲ ਸਬੰਧਤ ਮੰਡਲੀਆਂ ਦੇ ਸੰਤ ਮਹਾਂ ਪੁਰਸ਼ ਵੀ ਹਾਜ਼ਰ ਸਨ। ਡੇਰਾ ਪ੍ਰਬੰਧਕਾਂ ਨੇ ਦੱਸਿਆ ਸੰਤਾਂ ਦੀ ਅੰਤਿਮ ਅਰਦਾਸ ਦੇ ਭੋਗ 12 ਮਾਰਚ ਨੂੰ ਕੁੱਟੀਆ ਮਾਹਿਲਪੁਰ ਵਿਖੇ ਪਾਏ ਜਾਣਗੇ।



# ਡੇਰਾ ਸ਼ੇਰਪੁਰ ਕੱਲਰਾਂ 'ਚ ਸੰਤ ਨਰਾਇਣ ਦਾਸ ਦੀ 25 ਵੀਂ ਬਰਸੀ ਧੂਮ ਧਾਮ ਨਾਲ ਮਨਾਈ

## ਨੌਜਵਾਨ ਪੀੜ੍ਹੀ ਨਸ਼ਿਆਂ ਬੱਚਕੇ ਪ੍ਰਭੂ ਸਿਮਰਨ ਅਤੇ ਸਮਾਜ ਸੇਵੀ ਕੰਮਾਂ 'ਚ ਰੁਚੀ ਲੈਣ –ਡਾ ਰਾਜ ਕੁਮਾਰ ਚੱਬੇਵਾਲ



**ਮਾਹਿਲਪੁਰ (ਸ਼ਿਵ ਕੁਮਾਰ ਬਾਵਾ)–** ਇਥੋਂ ਨੇੜਲੇ ਪਿੰਡ ਸ਼ੇਰਪੁਰ ਕੱਲਰਾਂ ਵਿਖੇ ਬ੍ਰਹਮਲੀਨ 108 ਸੰਤ ਬਾਬਾ ਨਰਾਇਣ ਦਾਸ ਮਹਾਰਾਜ ਜੀ ਦੀ 25 ਵੀਂ ਬਰਸੀ ਡੇਰਾ ਸ਼ੇਰਪੁਰ ਕੱਲਰਾਂ ਵਿਖੇ ਗ੍ਰਾਂਮ ਪੰਚਾਇਤ ਅਤੇ ਡੇਰੇ ਦੇ ਪ੍ਰਮੁੱਖ ਸੰਤਾਂ ਸੰਤ ਰਮੇਸ਼ ਦਾਸ , ਸੰਤ ਰਾਮ ਕਿਸ਼ਨ, ਸੰਤ ਨਿਰਮਲ ਦਾਸ , ਸੰਤ ਬੀਬੀ ਨੰਤੀ ਦੇਵੀ, ਸੰਗਤਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਧੂਮ ਧਾਮ ਅਤੇ ਸ਼ਰਦਾ ਨਾਲ ਮਨਾਈ ਗਈ। ਇਸ ਮੌਕੇ ਸ੍ਰੀ ਅਖੰਡ ਪਾਠਾਂ ਦੇ ਭੋਗ ਉਪਰੰਤ ਸਜਾਏ ਗਏ ਦਿਵਾਨ ਵਿਚ ਸਿੱਖ ਪੰਥ ਦੇ ਉਘੇ ਰਾਗੀ–ਢਾਡੀ ਜਥਿਆਂ ਨੇ ਆਪਣੇ ਰਸਭਿੰਨੇ ਕੀਰਤਨ ਅਤੇ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਉਥੇ ਸੰਤ ਮਹਾਂ ਪੁਰਸ਼ਾਂ ਵਲੋਂ ਆਪਣੇ ਪ੍ਰਵਚਨਾ ਵਿਚ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਕੇ ਪ੍ਰਮਾਤਮਾ ਦਾ ਸਿਮਰਨ ਅਤੇ ਸਮਾਜ ਸੇਵੀ ਕਾਰਜਾਂ ਵੱਲ ਤਰਜੀਹ ਦੇਣ ਲਈ ਪ੍ਰੇਰਿਆ। ਇਸ ਮੌਕੇ ਰਾਗੀ ਜਥੇ ਗਿਆਨੀ ਚੰਨਣ ਸਿੰਘ ਹਜੂਰੀ ਰਾਗੀ ਕੇਸ ਗੜ੍ਹ ਸਾਹਿਬ, ਅਮਰ ਸਿੰਘ ਹੁਸ਼ਿਆਰਪੁਰ ਬੀਬੀ ਗੁਰਦੀਸ਼ ਕੌਰ ਖਾਲਸਾ, ਭਾਈ ਰੂਪ ਸਿੰਘ , ਭਾਈ ਸਤਨਾਮ ਸਿੰਘ ਭੂੰਗਰਨੀ ਆਪਣੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਸੰਤ ਨਿਰਮਲ ਦਾਸ ਜੌੜਾ ਨੇ ਆਪਣੇ ਸੰਬੋਧਨ ਵਿਚ ਆਖਿਆ ਕਿ ਮਨੁੱਖ ਨੂੰ ਮਨੁੱਖੀ ਜਾਮੇ ਵਿਚ ਵੱਧ ਤੋਂ ਵੱਧ ਪ੍ਰਮਾਤਮਾਂ ਦਾ ਸਿਮਰਨ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅਜੋਕੇ ਸਮੇਂ ਵਿਚ ਮਨੁੱਖ ਕੁਦਰਤ ਨਾਲ ਖਿਲਵਾੜ ਕਰ ਰਿਹਾ ਜੋ ਚਿੰਤਾ ਦਾ ਵਿਸ਼ਾ ਹੈ। ਨੌਜਵਾਨ ਪੀੜ੍ਹੀ ਨਸ਼ਿਆਂ ਦੇ ਦਰਿਆ ਵਿਚ ਰੁੜ੍ਹ ਰਹੀ ਹੈ ਸਮਾਜ ਸੇਵੀ ਅਤੇ ਧਾਰਮਿਕ ਜਥੇਬੰਦੀਆਂ ਦੇ ਆਗੂ ਇਸ ਅਲਾਮਤ ਨੂੰ ਲਹੁਣ ਲਈ ਅੱਗੇ ਆਉਣ। ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਡਾ ਰਾਜ ਕੁਮਾਰ ਚੱਬੇਵਾਲ ਹੁਰਾਂ ਕਿਹਾ ਕਿ ਦੋਆਬਾ ਸਾਧੂ ਸੰਤਾ ਦੀ ਪਵਿੱਤਰ ਧਰਤੀ ਹੈ। ਸਾਨੂੰ ਸੰਤ ਨਰਾਇਣ ਦਾਸ ਮਹਾਰਾਜ ਜੀ ਦੇ ਦਰਸਾਏ ਮਾਰਗ ਤੇ ਚੱਲਣ ਦੀ ਲੋੜ ਹੈ। ਸਾਬਕਾ ਆਈ ਪੀ ਐਸ ਅਧਿਕਾਰੀ ਸ੍ਰੀ ਜੇ ਐਸ ਕੇਸਰ, ਪੀ ਸੀ ਪਾਲ ਸਾਬਕਾ ਐਕਸਾਈਜ ਆਧਿਕਾਰੀ, ਬੀਬੀ ਮੀਨਾ ਰਤਨਪੁਰੀ, ਸੰਤ ਹਰਮੀਤ ਸਿੰਘ, ਸੰਤ ਜਗਤਾਰ ਸਿੰਘ ਬਣਾਂ ਸਾਹਿਬ ਬਾਹੋਵਾਲ, ਸੰਤ ਹਰਵਿੰਦਰ ਸਿੰਘ, ਸੰਤ ਸਤਨਾਮ ਦਾਸ ਖੰਨੀ, ਸੰਤ ਸਤਨਾਮ ਦਾਸ ਬੰਬੇਲੀ, ਸੰਤ ਗੁਰਮੀਤ ਦਾਸ, ਗੁਰਮੇਲ ਦਾਸ ਰਹੀਮਪੁਰ, ਗੁਰਮੁੱਖਾ ਨੰਦ, ਸੰਤ ਮਹਿੰਦਰਪਾਲ, ਸੰਤ ਟਹਿਲ ਨਾਥ ਖੇੜਾ, ਸੰਤ ਜਸਵੰਤ ਸਿੰਘ ਠੱਕਰਵਾਲ, ਸੰਤ ਰਾਧਾ ਜੀ ਊਨੇ ਵਾਲੇ, ਰਤਨ ਦਾਸ ਮੱਧ ਪ੍ਰਦੇਸ਼, ਫਕੀਰ ਦਾਸ ਮੁਬਾਰਕਪੁਰ, ਸੰਤ ਹਰੀ ਓਮ, ਰਜਿੰਦਰ ਸਿੰਘ, ਕੁਲਦੀਪ ਸਿੰਘ, ਗੁਰਮੀਤ ਸਿੰਘ ਬੰਬੇਲੀ, ਜੱਸਾ ਨੌਨੀਤਪੁਰ, ਰਜੇਸ਼ ਕੁਮਾਰ ਚੰਦੇਲੀ, ਸੰਤ ਰਿਖੀ ਦਾਸ ਸ਼ਸ਼ਤਰੀ, ਸੰਤ ਦਰਸ਼ਨ ਸਿੰਘ ਪ੍ਰਧਾਨ ਸਾਧੂ ਸਮਾਜ, ਸੰਤ ਪ੍ਰੀਤਮ ਸਿੰਘ, ਸੰਤ ਗੀਤਾ ਬਾਈ ਭੋਰੇਵਾਲ, ਬੀਬੀ ਯਮਨਾ ਘੁੱਲੇਵਾਲ ਆਦਿ ਸੰਤ ਮਹਾਂ ਪੁਰਸ਼ ਅਤੇ ਪ੍ਰਮੁੱਖ ਸ਼ਖਸ਼ੀਅਤਾਂ ਹਾਜਰ ਸਨ। ਇਸ ਮੌਕੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਸਮੁੱਚੇ ਸਮਾਗਮ ਦੇ ਸਟੇਜ ਸੰਚਾਲਨ ਦੇ ਫਰਜ ਅਮਰਜੀਤ ਸਿੰਘ ਅਤੇ ਭਾਈ ਜੋਗਾ ਸਿੰਘ ਸ਼ੇਰਗੜ੍ਹ ਵਾਲਿਆਂ ਨੇ ਸਾਂਝੇ ਰੂਪ ਵਿਚ ਬਾਖਬੀ ਨਿਭਾਈ। ਪਹੁੰਚੀਆਂ ਸ਼ਖਸ਼ੀਅਤਾਂ, ਸੰਤ ਮਹਾਂਪੁਰਸ਼ਾਂ ਅਤੇ ਸੰਗਤਾਂ ਦਾ ਧੰਨਵਾਦ ਡੇਰੇ ਦੇ ਗੱਦੀਨਸ਼ੀਨ ਸੰਤ ਰਮੇਸ਼ ਦਾਸ ਹੁਰਾਂ ਕੀਤਾ।

# ਭਾਸ਼ਾ ਵਿਭਾਗ ਨੂੰ 'ਅਸੁਵਿਧਾ' ਕੇਂਦਰ ਨਾ ਬਣਾਉ-ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.)

**ਪਟਿਆਲਾ–** ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਅਹੁਦੇਦਾਰਾਂ ਨੇ ਇਕ ਬਿਆਨ ਵਿਚ ਭਾਸ਼ਾ ਵਿਭਾਗ ਪੰਜਾਬ ਦੀ ਜ਼ਮੀਨ ਉਪਰ ਪ੍ਰਸਾਸ਼ਨ ਵਲੋਂ ਜਬਰਦਸਤੀ ਸੁਵਿਧਾ ਕੇਂਦਰ ਬਣਾਏ ਜਾਣ ਉਪਰ ਤਿੱਖੀ ਪ੍ਰਤਿਕ੍ਰਿਆ ਕੀਤੀ ਹੈ।ਕੇਂਦਰੀ ਸਭਾ ਨੇ ਪ੍ਰਕੁਸਾਸ਼ਨ ਵਲੋਂ ਅਪਣਾਈ ਜਾ ਰਹੀ ਦੋਹਰੀ ਨੀਤੀ ਦੀ ਵੀ ਨਿਖੇਧੀ ਕੀਤੀ ਹੈ ਜਿਸ ਵਿਚ ਇਕ ਪਾਸੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਤੋਂ ਸਲਾਹ ਲੈਣ ਦੀ ਗੱਲ ਕੀਤੀ ਜਾ ਰਹੀ ਹੈ ਪਰ ਦੂਜੇ ਪਾਸੇ ਸੁਵਿਧਾ ਕੇਂਦਰ ਦੀ ਥਾਂ ਨੂੰ ਪੀ.ਡਵਲਯੂ.ਡੀ. ਅਤੇ ਬੀ.ਐਂਡ.ਆਰ. ਦੀ ਮਲਕੀਅਤ ਦੱਸਿਆ ਜਾ ਰਿਹਾ ਹੈ।

ਕੇਂਦਰੀ ਸਭਾ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ, ਸੀਨੀਅਰ ਮੀਤ ਪ੍ਰਧਾਨ ਸ਼੍ਰੀ ਅਤਰਜੀਤ ਕਹਾਣੀਕਾਰ ਅਤੇ ਡਾ. ਕਰਮਜੀਤ ਸਿੰਘ ਜਨਰਲ ਸਕੱਤਰ ਨੇ ਕਿਹਾ ਕਿ ਪੰਜਾਬ ਸਰਕਾਰ ਅਜਿਹਾ ਕੁਝ ਪਹਿਲੀ ਬਾਰ ਨਹੀਂ ਕਰ ਰਹੀ ਸਗੋਂ ਇਸ ਤੋਂ ਪਹਿਲਾਂ ਪੰਜਾਬ ਐਗਰੀਕਲਚਰ ਯੂਨੀਵਰਸਿਟੀਹ ਦੀ ਜ਼ਮੀਨ ਉਪਰ ਮਾਲ ਬਣਾਉਣ ਜਾ ਰਹੀ ਸੀ ਪਰੰਤੂ ਲੇਖਕਾਂ, ਅਧਿਆਪਕਾਂ ਤੇ ਆਮ ਲੋਕਾਂ ਦੇ ਵਿਰੋਧ ਕਾਰਨ ਇਸਨੂੰ ਉਹ ਯੋਜਨਾ ਤਿਆਗਣੀ ਪਈ ਸੀ। ਹੁਣ ਭਾਸ਼ਾ ਵਿਭਾਗ ਨੂੰ ਆਰਥਿਕ ਤੌਰ ਤੇ ਪੈਰਾਂ ਉਪਰ ਖੜ੍ਹਾ ਕਰਨ ਦੀ ਬਜਾਇ ਉਸਨੂੰ ਕੰਗਾਲ ਕੀਤਾ ਜਾ ਰਿਹਾ, ਨਵੀਂ ਭਰਤੀ ਕੀਤੀ ਨਹੀਂ ਜਾ ਰਹੀ । ਜ਼ਿਲ੍ਹਿਆਂ ਦੀਆਂ ਲਾਇਬ੍ਰੇਰੀਆਂ ਨੂੰ ਤਾਲੇ ਲੱਗ ਰਹੇ ਹਨ । ਕਰੋੜਾਂ ਰੁਪਏ ਦੀਆਂ ਲੱਖਾਂ ਕਿਤਾਬਾਂ ਬਰਬਾਦ ਹੋ ਰਹੀਆਂ ਹਨ। ਲਾਇਬ੍ਰੇਰੀ ਐਕਟ ਨੂੰ ਠੰਡੇ ਬਸਤੇ ਵਿਚ ਪਾਇਆ ਜਾ ਰਿਹਾ ਹੈ। ਇਨ੍ਹਾਂ ਪੱਖਾਂ ਵੱਲ ਧਿਆਨ ਦੇਣ ਦੀ ਬਜਾਇ ਭਾਸ਼ਾ ਵਿਭਾਗ ਵਿਚ ਸੁਵਿਧਾ ਕੇਂਦਰ ਬਣਾਉਣਾ ਸਰਕਾਰ ਦੀ ਸੋਚ ਦਾ ਪ੍ਰਗਟਾਵਾ ਹੈ ਕਿ ਆਉਣ ਵਾਲੇ ਸਮੇਂ ਵਿਚ ਬੰਦ ਹੋ ਰਹੀਆਂ ਲਾਇਬ੍ਰੇਰੀਆਂ ਨੂੰ ਅਜਿਹੇ ਕਾਰਜਾਂ ਲਈ ਵਰਤਿਆ ਜਾ ਸਕਦਾ ਹੈ । ਕੇਂਦਰੀ ਸਭਾ ਨੇ ਮੰਗ ਕੀਤੀ ਹੈ ਕਿ ਸੁਵਿਧਾ ਕੇਂਦਰ ਦਾ ਨਿਰਮਾਣ ਤੁਰੰਤ ਰੋਕ ਕੇ ਇਸਨੂੰ ਭਾਸ਼ਾ ਵਿਭਾਗ ਦੇ ਸਪੁਰਦ ਕੀਤਾ ਜਾਵੇ । ਸਭਾ ਨੇ ਅਗਾਂਹ ਮੰਗ ਕੀਤੀ ਹੈ ਕਿ ਭਾਸ਼ਾ ਵਿਭਾਗ ਪੰਜਾਬ ਦੀ ਪੁਰਾਣੀ ਸ਼ਾਨ ਨੂੰ ਬਹਾਲ ਕਰਨ ਲਈ ਇਸਨੂੰ ਆਰਥਿਕ ਤੌਰ ਤੇ ਪੈਰਾਂ ਉਪਰ ਖੜ੍ਹਾ ਕੀਤਾ ਜਾਵੇ ਅਤੇ ਇਸ ਦੀਆਂ ਸਾਰੀਆਂ ਖਾਲੀ ਅਸਾਮੀਆਂ ਨੂੰ ਭਰਿਆ ਜਾਵੇ। ਸਭਾ ਨੇ ਇਹ ਵੀ ਮੰਗ ਕੀਤੀ ਹੈ ਕਿ ਪੰਜਾਬ ਟੈਕਸਟ ਬੁੱਕ ਬੋਰਡ ਨੂੰ ਵੀ ਪੂਰਨ ਰੂਪ ਵਿਚ ਬਹਾਲ ਕਰਕੇ ਇਸਤੋਂ ਬਣਦਾ ਕੰਮ ਲਿਆ ਜਾਵੇ ।ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਦੱਸਿਆ ਹੈ ਕਿ ਇਸ ਮਾਮਲੇ ਨੂੰ ਲੋਕਾਂ ਤੱਕ ਲਿਜਾਇਆ ਜਾਵੇਗਾ ਅਤੇ ਕੇਂਦਰੀ ਲੇਖਕ ਸਭਾ ਨਾਲ ਜੁੜੀਆਂ ਸਾਰੀਆਂ ਸਾਹਿਤ ਸਭਾਵਾਂ ਵੀ ਆਪਣਾ ਵਿਰੋਧ ਦਰਜ ਕਰਵਾਉਣਗੀਆਂ।

# ਹਵਾਈ ਅੱਡੇ 'ਤੇ ਪੰਜਾਬੀ ਔਰਤ ਕੋਲੋਂ 25 ਕਾਰਤੂਸ ਫੜੇ

**ਅੰਮ੍ਰਿਤਸਰ–** ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਤਾਇਨਾਤ ਕੇਂਦਰੀ ਸਨਅਤੀ ਸੁਰੱਖਿਆ ਬਲ (ਸੀ ਆਈ ਐਸ ਐਫ) ਨੇ ਅੱਜ ਇਕ ਔਰਤ ਕੋਲੋਂ 25 ਕਾਰਤੂਸ ਬਰਾਮਦ ਕੀਤੇ ਹਨ। ਇਸ ਔਰਤ ਦੀ ਸ਼ਨਾਖਤ ਮਨਜੀਤ ਕੌਰ ਢਿੱਲੋਂ ਵਾਸੀ ਅਮਰੀਕਾ ਵਜੋਂ ਹੋਈ ਹੈ। ਪੰਜਾਬੀ ਮੂਲ ਦੀ ਇਹ ਔਰਤ ਅੱਜ ਜੈਟ ਏਅਰਵੇਜ਼ ਹਵਾਈ ਕੰਪਨੀ ਦੀ ਅੰਮ੍ਰਿਤਸਰ–ਨਵੀਂ ਦਿੱਲੀ ਉਡਾਣ ਰਾਹੀਂ ਦਿੱਲੀ ਜਾ ਰਹੀ ਸੀ, ਜਿੱਥੋਂ ਉਸ ਨੇ ਅਗਾਂਹ ਪੂਨੇ ਜਾਣਾ ਸੀ ਪਰ ਇਸ ਤੋਂ ਪਹਿਲਾਂ ਹੀ ਜਾਂਚ–ਪੜਤਾਲ ਦੌਰਾਨ ਉਸ ਦੇ ਪਰਸ ਵਿੱਚੋਂ ਇਹ 25 ਕਾਰਤੂਸ ਬਰਾਮਦ ਹੋਏ। ਇਸ ਸਬੰਧੀ ਸੀਆਈਐਸਐਫ ਦੇ ਡਿਪਟੀ ਕਮਾਂਡੈਂਟ ਸੁਮਨ ਕੁਮਾਰ ਨੇ ਦੱਸਿਆ ਕਿ ਇਸ ਔਰਤ ਨੇ ਮੁੰਬਈ ਤੋਂ ਲਾਸ ਏਂਜਲਸ ਲਈ ਰਵਾਨਾ ਹੋਣਾ ਸੀ। ਮੁੱਢਲੀ ਪੁੱਛਗਿੱਛ ਦੌਰਾਨ ਉਸ ਨੇ ਉਸ ਦੇ ਪਰਸ ਵਿੱਚੋਂ ਬਰਾਮਦ ਹੋਏ ਕਾਰਤੂਸਾਂ ਬਾਰੇ ਅਗਿਆਨਤਾ ਪ੍ਰਗਟਾਈ ਤੇ ਕਿਸੇ ਦੀ ਸ਼ਰਾਰਤ ਦੱਸ ਰਹੀ ਹੈ। ਇਹ ਔਰਤ ਇੰਡੋਨੇਸ਼ੀਆ ਦੀ ਜੰਮਪਲ ਹੈ ਪਰ ਉਸ ਦਾ ਪਤੀ ਤੇ ਬੱਚੇ ਅਮਰੀਕਾ ਲਾਸ ਏਂਜਲਸ ਵਿੱਚ ਰਹਿੰਦੇ ਹਨ, ਜਿੱਥੇ ਉਹ ਇਕ ਉਸਾਰੀ ਕੰਪਨੀ ਦਾ ਕੰਮ–ਕਾਜ ਚਲਾਉਂਦੀ ਹੈ। ਉਹ 7 ਫਰਵਰੀ ਨੂੰ ਇੰਡੋਨੇਸ਼ੀਆ ਦੇ ਲੋਕਾਂ ਦੇ ਇਕ ਗਰੁੱਪ ਨਾਲ ਇੱਥੇ ਆਈ ਸੀ। ਉਸ ਦਾ ਵੀਜ਼ਾ ਅੱਠ ਮਾਰਚ ਤੱਕ ਹੈ ਪਰ ਉਸ ਨੇ ਭਲਕੇ ਹੀ ਵਾਪਸ ਪਰਤਣਾ ਸੀ। ਉਹ ਇੱਥੇ ਨਵਾਂ ਸ਼ਹਿਰ ਵਿਖੇ ਇਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਈ ਸੀ।

ਸੀ ਆਈ ਐਸ ਐਫ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ 25 ਕਾਰਤੂਸਾਂ ਤੋਂ ਇਲਾਵਾ ਇਕ ਖਾਲੀ ਕਾਰਤੂਸ ਵੀ ਪਰਸ ਵਿੱਚੋਂ ਬਰਾਮਦ ਹੋਇਆ ਹੈ। ਸਾਰੇ ਕਾਰਤੂਸ ਵੱਖ–ਵੱਖ ਹਥਿਆਰਾਂ ਨਾਲ ਸਬੰਧਤ ਹਨ। ਇਨ੍ਹਾਂ ਵਿੱਚੋਂ ਇਕ ਕਾਰਤੂਸ .223 ਬੋਰ ਦਾ ਹੈ। ਔਰਤ ਕੋਲੋਂ ਪੁੱਛ–ਪੜਤਾਲ ਮਗਰੋਂ ਉਸ ਨੂੰ ਹਵਾਈ ਅੱਡਾ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ ਹੈ।

ਹਵਾਈ ਅੱਡਾ ਪੁਲੀਸ ਸਟੇਸ਼ਨ ਦੇ ਐਸ.ਐਚ.ਓ. ਮੋਹਨ ਸਿੰਘ ਨੇ ਦੱਸਿਆ ਕਿ ਕਾਰਤੂਸਾਂ ਉਤੇ ਮੇਡ ਇਨ ਅਮਰੀਕਾ ਲਿਖਿਆ ਹੋਇਆ ਹੈ, ਜਿਨ੍ਹਾਂ ਨੂੰ ਜਾਂਚ ਲਈ ਭੇਜਿਆ ਜਾਵੇਗਾ। ਔਰਤ ਇਨ੍ਹਾਂ ਕਾਰਤੂਸਾਂ ਨਾਲ ਆਪਣਾ ਕੋਈ ਸਬੰਧ ਨਾ ਹੋਣ ਬਾਰੇ ਕਹਿ ਰਹੀ ਹੈ। ਪੁਲੀਸ ਨੇ ਉਸ ਖ਼ਿਲਾਫ਼ ਧਾਰਾ 25, 54, 59 ਅਸਲਾ ਐਕਟ ਹੇਠ ਕੇਸ ਦਰਜ ਕੀਤਾ ਹੈ।

# ਤੀਜਾ ਆਲ ਇੰਡੀਆ ਇੰਟਰ-ਯੂਨੀਵਰਸਿਟੀ ਗੱਤਕਾ ਟੂਰਨਾਮੈਂਟ 25 ਮਾਰਚ ਤੋਂ

**ਪਟਿਆਲਾ–** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਤੀਜਾ ਆਲ ਇੰਡੀਆ ਇੰਟਰ–ਯੂਨੀਵਰਸਿਟੀ ਗੱਤਕਾ ਟੂਰਨਾਮੈਂਟ 25 ਤੋਂ 27 ਮਾਰਚ ਤੱਕ ਯੂਨੀਵਰਸਿਟੀ ਦੇ ਖੇਡ ਮੈਦਾਨ ਵਿੱਚ ਕਰਵਾਇਆ ਰਿਹਾ ਹੈ ਜਿਸ ਵਿੱਚ ਦੇਸ਼ ਦੀਆਂ ਦੋ ਦਰਜਨ ਤੋਂ ਵੱਧ ਯੂਨੀਵਰਸਿਟੀਆਂ ਦੀਆਂ ਲੜਕੇ ਅਤੇ ਲੜਕੀਆਂ ਦੀਆਂ ਗੱਤਕਾ ਟੀਮਾਂ ਭਾਗ ਲੈਣਗੀਆਂ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਪੰਜਾਬੀ ਯੂਨੀਵਰਸਿਟੀ ਦੇ ਖੇਡ ਡਾਇਰੈਕਟਰ ਡਾ. ਰਾਜ ਕੁਮਾਰ ਸ਼ਰਮਾ ਨੇ ਦੱਸਿਆ ਕਿ ਪਹਿਲੇ ਦਿਨ ਮੁੱਖ ਮਹਿਮਾਨ ਸ: ਸੁਖਦੇਵ ਸਿੰਘ ਢੀਂਡਸਾ ਮੈਂਬਰ ਰਾਜ ਸਭਾ ਅਤੇ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ, ਜੋ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਵੀ ਹਨ, ਇਸ ਤਿੰਨ ਰੋਜ਼ਾ ਅੰਤਰ–ਵਰਸਿਟੀ ਪ੍ਰਾਈਜ਼ਮਨੀ ਟੂਰਨਾਮੈਂਟ ਦਾ ਉਦਘਾਟਨ ਕਰਨਗੇ।

ਏਸ਼ੀਅਨ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਸ: ਐਸ.ਪੀ. ਸਿੰਘ ਓਬਰਾਏ ਅਤੇ ਗੱਤਕਾ ਫੈਡਰੇਸ਼ਨ ਆਫ ਇੰਡੀਆ ਆਫ ਇੰਡੀਆ ਦੇ ਪ੍ਰਧਾਨ ਸ: ਹਰਚਰਨ ਸਿੰਘ ਭੁੱਲਰ ਇਸ ਮੌਕੇ ਵਿਸ਼ੇਸ਼ ਮਹਿਮਾਨ ਹੋਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਗੱਤਕਾ ਖੇਡ ਮੁਕਾਬਲਿਆਂ ਦੇ ਅੰਤਿਮ ਦਿਨ ਪੰਜਾਬੀ ਯੂਨੀਵਰਸਿਟੀ ਦੇ ਉਪ–ਕੁਲਪਤੀ ਡਾ: ਜਸਪਾਲ ਸਿੰਘ ਜੇਤੂਆਂ ਨੂੰ ਇਨਾਮ ਵੰਡਣਗੇ। ਡਾ: ਸ਼ਰਮਾ ਨੇ ਕਿਹਾ ਕਿ ਇਹ ਵੱਕਾਰੀ ਕੁੱਲ ਹਿੰਦ ਅੰਤਰ–ਵਰਸਿਟੀ ਗੱਤਕਾ ਮੁਕਾਬਲੇ ਆਯੋਜਿਤ ਕਰਵਾਉਣ ਲਈ ਡਾ: ਜਸਪਾਲ ਸਿੰਘ ਵਧਾਈ ਦੇ ਪਾਤਰ ਹਨ ਅਤੇ ਉਨ੍ਹਾਂ ਦੇ ਉਚੇਚੇ ਉੱਦਮ ਸਦਕਾ ਹੀ ਹਿੰਦੋਸਤਾਨ ਦੀ ਪੁਰਾਤਨ ਅਤੇ ਮਾਣਮੱਤੀ ਖੇਡ ਗੱਤਕਾ ਨੂੰ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ ਦੇ ਖੇਡ ਕੈਲੰਡਰ ਵਿੱਚ ਸ਼ਾਮਲ ਕਰਾਉਣ ਲਈ ਯਤਨ ਜਾਰੀ ਹਨ।

ਉਨਾਂ ਕਿਹਾ ਕਿ ਇਸ ਟੂਰਨਾਮੈਂਟ ਦੀ ਸਫਲਤਾ ਲਈ ਗੱਤਕਾ ਫੈਡਰੇਸ਼ਨ ਆਫ ਇੰਡੀਆ ਅਤੇ ਪੰਜਾਬ ਗੱਤਕਾ ਐਸੋਸੀਏਸ਼ਨ ਵੱਲੋਂ ਪੰਜਾਬੀ ਯੂਨੀਵਰਸਿਟੀ ਨੂੰ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਸ੍ਰੀ ਸ਼ਰਮਾ ਨੇ ਦੱਸਿਆ ਕਿ ਇਨ੍ਹਾਂ ਕੁੱਲ ਹਿੰਦ ਅੰਤਰ–ਵਰਸਿਟੀ ਗੱਤਕਾ ਮੁਕਾਬਲਿਆਂ ਦੇ ਪਹਿਲੇ ਤਿੰਨ ਸਥਾਨਾਂ ਦੇ ਜੇਤੂਆਂ ਨੂੰ ਕ੍ਰਮਵਾਰ 31,000, 21,000 ਅਤੇ 11,000 ਹੁਪਏ ਦੇ ਨਗਦ ਇਨਾਮ ਅਤੇ ਸਰਟੀ–ਫਿਕੇਟ ਪ੍ਰਦਾਨ ਕੀਤੇ ਜਾਣਗੇ ਤਾਂ ਜੋ ਗੱਤਕਾ ਖਿਡਾਰੀਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

MAHEY
ARCHITECT DESIGNER
Bhupinder Kumar
Architect
98151-19953
Contact Us:
Khambra Gate, Nakodar Road Jalandhar
Email : Maheyarch.designer@gmail.com






ਸਾਹਿਬ ਸ੍ਰੀ ਕਾਂਸ਼ੀ ਰਾਮ ਬਾਰੇ ਕਿਸੇ ਪਾਸ ਉਹਨਾਂ ਦੇ ਨਾਲ ਜਾਂ ਉਹਨਾਂ ਦੀ ਕਿਸੇ ਸਮਾਗਮ ਦੀ ਤਸਵੀਰ ਜਾ ਆਡੀਓ-ਵੀਡੀਓ ਹੋਵੇ ਤਾਂ ਕਿਰਪਾ ਕਰਕੇ ਹੇਠਲ ਲਿਖੇ ਈ-ਮੇਲ ਤੇ ਭੇਜਣ। ਜੇਕਰ ਉਹਨਾਂ ਨੂੰ ਚਾਹੀਦੀ ਹੈ ਤਾਂ ਵੀ ਸਾਡੇ ਨਾਲ ਸੰਪਰਕ ਕੀਤਾ ਜਾਵੇ ਜੀ।
kumar22_1@hotmail.com
780-224-4550

Mikasa
HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014
Cell: (916) 698-3808
Fax: (916) 725-5812
Email: mchander@comcast.net, Web: www.mikasafunding.com



# ਪੰਜਾਬ ਦੀਆਂ ਨਗਰ ਕੌਂਸਲ ਚੋਣਾਂ ਵਿੱਚ ਅਕਾਲੀ- ਭਾਜਪਾ ਗੱਠਜੋੜ ਦੀ ਭਾਰੀ ਜਿੱਤ

**ਚੰਡੀਗੜ੍ਹ–** ਪੰਜਾਬ ਵਿੱਚ ਮਿਉਂਸਿਪਲ ਕਮੇਟੀਆਂ ਦੀਆਂ ਚੋਣਾਂ ਵਿੱਚ ਹਾਕਮ ਗੱਠਜੋੜ ਨੇ ਹੂੰਝਾ ਫੇਰ ਜਿੱਤ ਹਾਸਲ ਕਰਦਿਆਂ ਸੂਬੇ ਦੇ ਸ਼ਹਿਰੀ ਖੇਤਰਾਂ ਵਿੱਚ ਦਬਦਬਾ ਬਰਕਰਾਰ ਰੱਖਿਆ ਹੈ। ਸੂਬੇ ਦੇ 121 ਸ਼ਹਿਰਾਂ ਦੇ ਵੋਟਰਾਂ ਨੇ ਅੱਜ ਆਪਣੇ ਜਮਹੂਰੀ ਹੱਕ ਦੀ ਵਰਤੋਂ ਕਰਦਿਆਂ ਨੁਮਾਇੰਦਿਆਂ ਦੀ ਚੋਣ ਕੀਤੀ। ਕਈ ਸ਼ਹਿਰਾਂ ਵਿੱਚ ਵਾਪਰੀਆਂ ਹਿੰਸਾ ਦੀਆਂ ਘਟਨਾਵਾਂ ਦੌਰਾਨ ਸਮੁੱਚਾ ਚੋਣ ਅਮਲ ਨੇਪਰੇ ਚੜ੍ਹ ਗਿਆ। ਕੁੱਲ ਮਿਲਾ ਕੇ 78.66 ਫ਼ੀਸਦੀ ਤੋਂ ਜ਼ਿਆਦਾ ਮਤਦਾਨ ਹੋਇਆ। ਮਿਉਂਸਿਪਲ ਕੌਂਸਲਾਂ ਤੇ ਨਗਰ ਪੰਚਾਇਤਾਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਗੱਠਜੋੜ ਨੇ 100 ਦੇ ਕਰੀਬ 'ਚ ਜਿੱਤ ਦਾ ਝੰਡਾ ਲਹਿਰਾਇਆ ਹੈ ਜਦੋਂ ਕਿ ਕਾਂਗਰਸ 6 ਕਮੇਟੀਆਂ 'ਚ ਹੀ ਪ੍ਰਧਾਨਗੀ ਬਣਾਉਣ ਦੀ ਸਥਿਤੀ 'ਚ ਹੈ। ਭਾਜਪਾ ਨੇ ਵੀ ਆਪਣੇ ਬਲਬੂਤੇ 'ਤੇ ਚਾਰ ਕੌਂਸਲਾਂ 'ਤੇ ਕਬਜ਼ਾ ਕੀਤਾ ਹੈ। ਬਾਕੀ ਥਾਈਂ ਭਾਜਪਾ, ਅਕਾਲੀਆਂ ਨਾਲ ਰਲ ਕੇ ਖੁਸ਼ੀ ਮਨਾਉਣ ਦੇ ਕਾਬਲ ਹੋਈ ਦਿਖਾਈ ਦੇ ਰਹੀ ਹੈ। ਜੇਤੂ ਰਹੇ ਆਜ਼ਾਦ ਉਮੀਦਵਾਰਾਂ ਵਿੱਚ ਵੀ ਬਹੁ ਗਿਣਤੀ ਹਾਕਮ ਪਾਰਟੀਆਂ ਦੀ ਹਮਾਇਤ ਵਾਲੇ ਹੀ ਹਨ। ਤਰਨ ਤਾਰਨ ਸਮੇਤ ਹੋਰ ਜਿਨ੍ਹਾਂ ਸ਼ਹਿਰਾਂ ਵਿੱਚ ਗੱਠਜੋੜ ਪਾਰਟੀਆਂ ਦੇ ਉਮੀਦਵਾਰ ਸਿਰ ਧੜ ਦੀ ਬਾਜ਼ੀ ਬਣਾ ਕੇ ਲੜ ਰਹੇ ਸਨ, ਉਨ੍ਹਾਂ 'ਚ ਭਾਜਪਾ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਸ਼ਹਿਰੀ ਵੋਟਰਾਂ ਨੇ ਇਨ੍ਹਾਂ ਚੋਣਾਂ ਵਿੱਚ ਡਟ ਕੇ ਹਿੱਸਾ ਲਿਆ। ਵੋਟਾਂ ਪੈਣ ਦਾ ਅਮਲ ਸ਼ੁਰੂ ਹੋਣ ਤੋਂ ਲੈ ਕੇ ਅੰਤ ਤਕ ਵੋਟਰਾਂ ਦੀਆਂ ਕਤਾਰਾਂ ਲੱਗੀਆਂ ਰਹੀਆਂ।

ਸੂਬੇ ਵਿੱਚ ਮਿਉਂਸਿਪਲ ਚੋਣਾਂ ਵਿੱਚ ਪਈਆਂ ਵੋਟਾਂ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ। ਨਗਰ ਪੰਚਇਤਾਂ ਵਿੱਚ ਕਈ ਅਜਿਹੇ ਪਿੰਡ ਜਾਂ ਕਸਬੇ ਵੀ ਹਨ ਜਿੱਥੇ ਵੋਟ ਪ੍ਰਤੀਸ਼ਤ 90 ਫ਼ੀਸਦੀ ਦੇ ਨੇੜੇ ਜਾ ਢੁੱਕਿਆ। ਚੋਣ ਕਮਿਸ਼ਨ ਅਤੇ ਸਰਕਾਰ ਨੇ ਚੋਣ ਅਮਲ ਅਮਨ ਅਮਾਨ ਨਾਲ ਨੇਪਰੇ ਚੜ੍ਹਨ 'ਤੇ ਸੁਖ ਦਾ ਸਾਹ ਲਿਆ ਹੈ। ਇਹ ਚੋਣਾਂ ਸੂਬੇ ਦੀ ਰਾਜਨੀਤੀ 'ਤੇ ਅਸਰ ਛੱਡਣਗੀਆਂ। ਚੋਣ ਕਮਿਸ਼ਨ ਵੱਲੋਂ ਨਤੀਜਿਆਂ ਸਬੰਧੀ ਜੋ ਜਾਣਕਾਰੀ ਦਿੱਤੀ ਗਈ ਹੈ ਉਸ ਮੁਤਾਬਕ ਤਰਨ ਤਾਰਨ ਦੀਆਂ 23 ਸੀਟਾਂ ਵਿੱਚੋਂ ਅਕਾਲੀ ਦਲ ਨੇ 16 ਜਿੱਤ ਲਈਆਂ ਤੇ ਬਟਾਲਾ, ਜਿੱਥੇ ਅਕਾਲੀ-ਭਾਜਪਾ ਆਹਮੋ ਸਾਹਮਣੇ ਸਨ, 'ਚ ਵੀ ਅਕਾਲੀਆਂ ਨੇ ਬਾਕੀ ਪਾਰਟੀਆਂ ਨੂੰ ਪਛਾੜ ਦਿੱਤਾ। ਪਟਿਆਲਾ ਜ਼ਿਲ੍ਹੇ ਦੀਆਂ 5 ਕਮੇਟੀਆਂ ਵਿੱਚ ਕਾਂਗਰਸ ਸਿਰਫ਼ ਪਾਤੜਾਂ ਹੀ ਜਿੱਤ ਸਕੀ। ਬਾਕੀ ਚਾਰੇ ਸਨੌਰ, ਰਾਜਪੁਰਾ, ਨਾਭਾ, ਅਤੇ ਸਮਾਣਾ 'ਤੇ ਅਕਾਲੀ ਦਲ ਦਾ ਇਕੱਲੇ ਜਾਂ ਗੱਠਜੋੜ ਨੇ ਮਿਲ ਕੇ ਕਬਜ਼ਾ ਕਰ ਲਿਆ ਹੈ। ਜਲੰਧਰ ਜ਼ਿਲ੍ਹੇ ਵਿੱਚ 4 ਕੌਂਸਲਾਂ ਨੂਰਮਹਿਲ, ਆਦਮਪੁਰ, ਫਿਲੌਰ ਤੇ ਅਲਾਵਲਪੁਰ 'ਚ ਆਜ਼ਾਦ ਉਮੀਦਵਾਰ ਭਾਰੂ ਰਹੇ ਜਦੋਂ ਕਿ ਬਾਕੀ ਕਮੇਟੀਆਂ ਨਕੋਦਰ, ਲੋਹੀਆਂ 'ਚ ਆਜ਼ਾਦਾਂ ਦੇ ਸਹਾਰੇ ਅਕਾਲੀ-ਭਾਜਪਾ ਆਪਣੇ ਪ੍ਰਧਾਨ ਬਣਾ ਲਵੇਗੀ।



ਫਰੀਦਕੋਟ ਦੀਆਂ ਤਿੰਨਾਂ ਕਮੇਟੀਆਂ ਫਰੀਦਕੋਟ, ਜੈਤੋ ਅਤੇ ਕੋਟਕਪੂਰਾ 'ਤੇ ਵੀ ਅਕਾਲੀ ਦਲ ਅਤੇ ਅਕਾਲੀ ਦਲ ਦੀ ਹਮਾਇਤ ਵਾਲੇ ਆਜ਼ਾਦ ਉਮੀਦਵਾਰ ਜੇਤੂ ਰਹੇ। ਤਰਨ ਤਾਰਨ, ਖੇਮਕਰਨ ਅਤੇ ਭਿੱਖੀਵਿੰਡ 'ਤੇ ਵੀ ਅਕਾਲੀ ਦਲ ਕਾਬਜ਼ ਹੋ ਗਿਆ। ਪਠਾਨਕੋਟ ਜ਼ਿਲ੍ਹੇ ਦੀ ਇਕਲੌਤੀ ਨਗਰ ਕੌਂਸਲ ਦੀਨਾ ਨਗਰ ਦੇ 15 ਵਾਰਡਾਂ 'ਚੋਂ 11 ਭਾਜਪਾ ਅਤੇ 4 ਕਾਂਗਰਸ ਨੇ ਜਿੱਤੇ। ਇਸ ਤਰ੍ਹਾਂ ਨਾਲ ਭਾਜਪਾ ਨੇ ਆਪਣੇ ਬਲਬੂਤੇ ਇਕ ਕਮੇਟੀ ਜਿੱਤ ਲਈ। ਮੋਗਾ ਜ਼ਿਲ੍ਹੇ ਦੀਆਂ ਤਿੰਨਾਂ ਕਮੇਟੀਆਂ ਕੋਟ ਈਸੇਖਾਂ, ਬੱਧਨੀ ਕਲਾਂ ਅਤੇ ਨਿਹਾਲ ਸਿੰਘ ਵਾਲਾ ਵੀ ਅਕਾਲੀ-ਭਾਜਪਾ ਗੱਠਜੋੜ ਦੀ ਝੋਲੀ ਪੈ ਗਈਆਂ। ਅੰਮ੍ਰਿਤਸਰ ਜ਼ਿਲ੍ਹੇ ਦੀਆਂ 5 ਕਮੇਟੀਆਂ ਅਜਨਾਲਾ, ਮਜੀਠਾ, ਰਈਆ, ਜੰਡਿਆਲਾ ਗੁਰੂ 'ਤੇ ਅਕਾਲੀ ਦਲ ਦੀ ਝੰਡੀ ਰਹੀ। ਗੁਰਦਾਸਪੁਰ ਜ਼ਿਲ੍ਹੇ ਦੀਆਂ ਕਮੇਟੀਆਂ ਬਟਾਲਾ, ਕਾਦੀਆਂ, ਫਤਿਹਗੜ੍ਹ ਚੂੜੀਆਂ, ਡੇਰਾ ਬਾਬਾ ਨਾਨਕ, ਧਾਰੀਵਾਲ, ਗੁਰਦਾਸਪੁਰ ਅਕਾਲੀ ਦਲ ਦੀ ਝੋਲੀ ਪੈ ਗਈਆਂ ਤੇ ਸ੍ਰੀ ਹਰਗੋਬਿੰਦਪੁਰ 'ਚ ਆਜ਼ਾਦ ਦਾ ਦਬਦਬਾ ਰਿਹਾ। ਮੁਹਾਲੀ ਦੀਆਂ ਤਿੰਨਾਂ ਕਮੇਟੀਆਂ 'ਤੇ ਹਾਕਮ ਗੱਠਜੋੜ ਦੀ ਚੜ੍ਹਤ ਰਹੀ। ਡੇਰਾਬਸੀ ਤੇ ਜ਼ੀਰਕਪੁਰ 'ਚ ਤਾਂ ਕਾਂਗਰਸ ਦੇ ਪੱਲੇ ਕੁਝ ਵੀ ਨਹੀਂ ਪਿਆ। ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਸ਼ਹਿਰ ਫਤਿਹਗੜ੍ਹ ਸਾਹਿਬ 'ਚ ਅਕਾਲੀ-ਭਾਜਪਾ, ਮੰਡੀ ਗੋਬਿੰਦਗੜ੍ਹ ਤੇ ਬੱਸੀ ਪਠਾਣਾ ਵਿੱਚ ਆਜ਼ਾਦ ਉਮੀਦਵਾਰ ਸਾਰੀਆਂ ਪਾਰਟੀਆਂ 'ਤੇ ਭਾਰੂ ਰਹੇ।


ਬਠਿੰਡਾ ਜ਼ਿਲ੍ਹੇ ਦੀਆਂ ਕੁੱਲ 18 ਕਮੇਟੀਆਂ ਤੇ ਨਗਰ ਪੰਚਾਇਤਾਂ ਵਿੱਚੋਂ 11 'ਤੇ ਅਕਾਲੀ ਦਲ ਨੂੰ ਸਪਸ਼ਟ ਬਹੁਮਤ, 2 'ਤੇ ਅਕਾਲੀ-ਭਾਜਪਾ ਅਤੇ 5 'ਤੇ ਆਜ਼ਾਦ ਉਮੀਦਵਾਰ ਜੇਤੂ ਰਹੇ। ਮਾਨਸਾ ਜ਼ਿਲ੍ਹੇ ਦੀਆਂ ਕਮੇਟੀਆਂ ਵਿੱਚ ਆਜ਼ਾਦ ਉਮੀਦਵਾਰ ਜੇਤੂ ਰਹੇ। ਬੁਢਲਾਡਾ, ਬਰੇਟਾ ਅਤੇ ਜੋਗਾ ਵਿੱਚ ਬਹੁਸੰਮਤੀ ਆਜ਼ਾਦ ਨੂੰ ਮਿਲੀ ਜਦੋਂ ਕਿ ਬੋਹਾ ਤੇ ਸਰਦੂਲਗੜ੍ਹ 'ਚ ਹਾਕਮ ਗੱਠਜੋੜ ਨੂੰ ਬਹੁਮਤ ਮਿਲ ਗਿਆ। ਨਵਾਂਸ਼ਹਿਰ ਵਿੱਚ ਰਾਹੋਂ 'ਤੇ ਆਜ਼ਾਦ, ਨਵਾਂਸ਼ਹਿਰ 'ਚ ਕਾਂਗਰਸ ਤੇ ਬੰਗਾ ਅਕਾਲੀ-ਭਾਜਪਾ ਨੂੰ ਮਿਲੀਆਂ। ਲੁਧਿਆਣਾ 'ਚ ਰਾਏਕੋਟ ਆਜ਼ਾਦ, ਖੰਨਾ ਤੇ ਦੁਰਾਹਾ ਕਾਂਗਰਸ, ਜਗਰਾਉਂ, ਪਾਇਲ 'ਚ ਅਕਾਲੀ-ਭਾਜਪਾ ਤੇ ਸਮਰਾਲਾ ਵਿੱਚ ਕਿਸੇ ਨੂੰ ਵੀ ਬਹੁਮਤ ਨਹੀਂ ਮਿਲਿਆ। ਹੁਸ਼ਿਆਰਪੁਰ 'ਚ ਮੁਕੇਰੀਆਂ ਭਾਜਪਾ, ਦਸੂਹਾ, ਸ਼ਾਮ ਚੁਰਾਸੀ ਤੇ ਗੜ੍ਹਸ਼ੰਕਰ 'ਚ ਭਾਜਪਾ ਤੇ ਆਜ਼ਾਦ, ਉੜਮੁੜ ਟਾਂਡਾ, ਗੜ੍ਹਦੀਵਾਲਾ, ਹਰਿਆਣਾ 'ਚ ਅਕਾਲੀ-ਭਾਜਪਾ ਗੱਠਜੋੜ ਨੂੰ ਬਹੁ ਸੰਮਤੀ ਮਿਲ ਗਈ।

ਰੋਪੜ ਜ਼ਿਲ੍ਹੇ ਦੇ ਰੋਪੜ ਸ਼ਹਿਰ, ਕੁਰਾਲੀ ਤੇ ਨੰਗਲ 'ਚ ਹਾਕਮ ਗੱਠਜੋੜ ਜਦੋਂ ਕਿ ਬਾਕੀ ਸ਼ਹਿਰਾਂ ਆਨੰਦਪੁਰ ਸਾਹਿਬ, ਨੂਰਪੁਰਬੇਦੀ, ਚਮਕੌਰ ਸਾਹਿਬ ਅਤੇ ਮੋਰਿੰਡਾ ਵਿੱਚ ਆਜ਼ਾਦ ਉਮੀਦਵਰ ਬਾਕੀ ਸਾਰੀਆਂ ਪਾਰਟੀਆਂ ਤੋਂ ਅਗਾਂਹ ਰਹੇ। ਸੰਗਰੂਰ ਜ਼ਿਲ੍ਹੇ ਵਿੱਚ ਅਕਾਲੀ-ਭਾਜਪਾ ਗੱਠਜੋੜ ਦੇ ਹਿੱਸੇ ਸੰਗਰੂਰ, ਧੂਰੀ, ਅਮਰਗੜ੍ਹ, ਭਵਾਨੀਗੜ੍ਹ, ਆਈਆਂ ਜਦੋਂ ਕਿ ਸੁਨਾਮ, ਅਹਿਮਦਗੜ੍ਹ ਤੇ ਲੌਂਗੋਵਾਲ 'ਚ ਆਜ਼ਾਦ, ਮਲੇਰਕੋਟਲਾ ਤੇ ਲਹਿਰਾਗਾਗਾ ਵਿੱਚ ਕਿਸੇ ਧਿਰ ਨੂੰ ਵੀ ਬਹੁਮਤ ਹਾਸਲ ਨਹੀਂ ਹੋਇਆ।

ਬਰਨਾਲਾ ਜ਼ਿਲ੍ਹੇ 'ਚ ਹਾਕਮ ਗੱਠਜੋੜ ਨੂੰ ਤਪਾ ਤੇ ਭਦੌੜ 'ਚ ਬਹੁਮਤ ਮਿਲਿਆ ਜਦੋਂ ਕਿ ਬਰਨਾਲਾ ਸ਼ਹਿਰ ਤੇ ਧਨੌਲਾ 'ਚ ਆਜ਼ਾਦ ਉਮੀਦਵਾਰਾਂ ਨੇ ਤਿੰਨਾਂ ਪਾਰਟੀਆਂ ਦੀ ਖੇਡ ਵਿਗਾੜ ਦਿੱਤੀ ਤੇ ਕਿਸੇ ਨੂੰ ਵੀ ਬਹੁਮਤ ਨਹੀਂ ਮਿਲਿਆ। ਫਾਜ਼ਿਲਕਾ ਜ਼ਿਲ੍ਹੇ 'ਚ ਅਬੋਹਰ ਦੀ ਕਮੇਟੀ 'ਤੇ ਭਾਜਪਾ ਨੂੰ ਬਹੁਮਤ ਤੇ ਫਾਜ਼ਿਲਕਾ ਤੇ ਅਰਨੀਵਾਲਾ 'ਚ ਗੱਠਜੋੜ ਦੇ ਉਮੀਦਵਾਰ ਜ਼ਿਆਦਾ ਜੇਤੂ ਰਹੇ। ਫਿਰੋਜ਼ਪੁਰ ਜ਼ਿਲ੍ਹੇ ਵਿੱਚ ਜ਼ੀਰਾ, ਗੁਰੂ ਹਰਸਹਾਏ, ਮੁੱਦਕੀ, ਮਮਦੋਟ 'ਚ ਅਕਾਲੀ ਦਲ ਤੇ ਫਿਰੋਜ਼ਪੁਰ 'ਚ ਭਾਜਪਾ ਨੂੰ ਸਪਸ਼ਟ ਬਹੁਮਤ ਮਿਲਿਆ। ਇਸੇ ਤਰ੍ਹਾਂ ਮੁਕਤਸਰ ਜ਼ਿਲ੍ਹੇ ਦੀਆਂ ਤਿੰਨ ਕਮੇਟੀਆਂ ਵਿੱਚੋਂ ਗਿੱਦੜਬਾਹਾ ਵਿੱਚ ਕਾਂਗਰਸ ਬਹੁਮਤ ਤੋਂ ਇਕ ਸੀਟ ਘੱਟ ਹਾਸਲ ਕਰ ਸਕੀ ਤੇ ਆਜ਼ਾਦ ਉਮੀਦਵਾਰਾਂ ਦੇ ਸਹਾਰੇ ਕਬਜ਼ਾ ਕਰ ਸਕਦੀ ਹੈ ਜਦੋਂ ਕਿ ਮਲੋਟ ਤੇ ਮੁਕਤਸਰ ਵਿੱਚ ਅਕਾਲੀ ਦਲ ਨੂੰ ਸਪਸ਼ਟ ਬਹੁਮਤ ਮਿਲ ਗਿਆ ਹੈ। ਕਪੂਰਥਲਾ ਜ਼ਿਲ੍ਹੇ ਵਿੱਚ ਕਪੂਰਥਲਾ, ਸੁਲਤਾਨਪੁਰ ਲੋਧੀ ਅਤੇ ਨਡਾਲਾ ਵਿੱਚ ਵੀ ਅਕਾਲੀ ਦਲ ਜੇਤੂ ਰਿਹਾ।

# FAREWELL PARTY TO SHRI J. R. AHIR, I. P. S.

## On the eve of his departure to Missouri for Training on the 10th July 1966



**From Left to Right:** S/Shri B.R. Ahir, Shanker Dass, Bankey Lal, D.R. Nafri, D. H. P. C. S., J. R. Ahir, I. P. S., Vimal Chandra, Dy. Commissioner for S. C. & S. T., O.P. Bali, D. R. Korotania, M. A. J. D. (Punjab), B. R. Mehmi.
**STANDING 1ST ROW:** S/Shri K. Chand, O.P. Bali,B. R. Kundal, Bhag Singh, G. R. Ramal, Channan Ram, Puran Chand, K. C. Rana, Khub Ram, Hari Ram Pall.
**STANDING 2ND ROW:** S/Shri Sukh Ram, H. R. Jhall, P. L. Toora, Shankar Singh, Chanchal Singh Thind, O. P. Korotania, M. A. (Studio: Anand Studio, New Delhi-5) ***(This Historic picture was provided by Mr. O. P. Balley)***


# ਵਰਲਡ ਕੱਪ ਵਿਚ ਪਹਿਲੀ ਵਾਰ ਹਿੱਸਾ ਲੈ ਰਹੇ ਹਨ 10 ਸਟਾਰ ਖਿਡਾਰੀ

ਵਰਲਡ ਕੱਪ ਵਿਚ ਇਸ ਵਾਰ ਸ਼ਾਮਲ ਹੋ ਰਹੇ ਖਿਡਾਰੀ ਧੂੰਮ ਮਚਾਉਣ ਲਈ ਪਹੁੰਚੇ ਹਨ। ਵਰਲਡ ਕੱਪ ਦੇ ਇਕ ਪ੍ਰੋਮੋ ਵਿਚ ਸਚਿਨ ਤੇਂਦੂਲਕਰ ਕਹਿੰਦੇ ਹਨ, ਮੈਂ ਕਦੀ 34 ਹਜ਼ਾਰ ਰਨ ਬਣਾਉਣ ਦਾ ਸੁਪਨਾ ਨਹੀਂ ਦੇਖਿਆ। 100 ਸੈਂਕੜੇ ਜਾਂ ਪਹਿਲਾ ਦੂਰਾ ਸੈਂਕੜਾ ਬਣਾਉਣ ਬਾਰੇ ਵੀ ਨਹੀਂ। ਮੇਰਾ ਸਿਰਫ ਇਕ ਹੀ ਸੁਪਨਾ ਸੀ, ਵਿਸ਼ਵ ਕੱਪ ਜਿੱਤਣਾ। ਰੋਹਿਤ ਸ਼ਰਮਾ ਵਰਗੇ ਕਈ ਖਿਡਾਰੀਆਂ ਨੂੰ ਪਹਿਲੀ ਵਾਰ ਆਪਣਾ ਇਹ ਸੁਪਨਾ ਸੱਚ ਕਰਨ ਦਾ ਮੌਕਾ ਮਿਲੇਗਾ।



### 1. ਰੋਹਿਤ ਸ਼ਰਮਾ (ਭਾਰਤ)

ਚਾਰ ਸਾਲ ਪਹਿਲਾਂ ਜਦੋਂ ਟੀਮ ਇੰਡੀਆ ਵਿਸ਼ਵ ਚੈਂਪੀਅਨ ਬਣੀ ਤਾਂ ਰੋਹਿਤ ਵੀ ਉਸ ਦੇ ਜਸ਼ਨ ਵਿਚ ਸ਼ਾਮਲ ਸਨ ਪਰ ਚੈਂਪੀਅਨ ਦੇ ਤੌਰ ਤੇ ਨਹੀਂ। ਇਹਨਾਂ ਚਾਰ ਸਾਲਾਂ ਵਿਚ ਉਹਨਾਂ ਵਿਚ ਸਰੀਰਕ ਅਤੇ ਮਾਨਸਿਕ ਦੋਵੇਂ ਕਿਸਮ ਦੀਆ ਤਬਦੀਲੀਆਂ ਆ ਚੁੱਕੀਆਂ ਹਨ। ਹੁਣ ਉਹ ਅਜਿਹੇ ਓਪਨਰ ਹਨ, ਜੋ ਆਪਣੀ ਪਾਰੀ ਨੂੰ ਸਜਾਉਣਾ-ਸੰਵਾਰਨਾ ਅਤੇ ਵਿਰੋਧੀ ਗੇਂਦਬਾਜ਼ਾਂ ਨੂੰ ਖੂਇ ਦੇ ਹੰਝੂ ਰੁ-ਆਉਣਾ ਜਾਣਦੇ ਹਨ। 27 ਸਾਲ ਦਾ ਇਹ ਮੁੰਬਈ ਦਾ ਖਿਡਾਰੀ ਇਸ ਧਰਤੀਤੇ ਇਕੱਲਾ ਅਜਿਹਾ ਹੈ, ਜਿਸਨੇ ਵਨ ਡੇਅ ਵਿਚ ਦੂਹਰਾ ਸੈਂਕੜਾ ਲਗਾਇਆ ਹੈ। 2007 ਵਿਚ ਪਹਿਲਾ ਇੰਟਰਨੈਸ਼ਨਲ ਮੈਚ ਖੇਡਣ ਵਾਲੇ ਇਸ ਖਿਡਾਰੀ ਨੂੰ ਵਰਲਡ ਕੱਪ ਖੇਡਣ ਦੇ ਲਈ ਲੰਮਾ ਇੰਤਜ਼ਾਰ ਕਰਨਾ ਪਿਆ ਹੈ। ਯਕੀਨਨ ਉਹ ਬਹੁਤ ਸਾਰੇ ਭਾਰਤੀਆਂ ਦੀ ਉਮੀਦ ਵੀ ਹੈ।



### 2. ਡੇਵਿਡ ਵਾਰਨਰ (ਆਸਟ੍ਰੇਲੀਆ)

ਸਹਿਵਾਗ ਦੀ ਇਕ ਸਲਾਹ ਨੇ ਟੀ-20 ਕ੍ਰਿਕਟ ਨੂੰ ਆਪਣਾ ਮੁਕੱਦਰ ਮੰਨ ਚੁੱਕੇ ਵਾਰਨਰ ਦੇ ਕੈਰੀਅਰ ਦਾ ਰੁਖ ਹੀ ਬਦਲ ਗਿਆ। ਜ਼ਾਹਿਰ ਹੈ ਕਿ ਉਹਨਾਂ ਨੂੰ ਫਸਟ ਕਲਾਸ ਕ੍ਰਿਕਟ ਤੇ ਫੋਕਸ ਕਰਨ ਲਈ ਕਿਹਾ ਹੋਵੇਗਾ। 28 ਸਾਲਾ ਕੰਗਾਰੂ ਬੱਲੇਬਾਜ਼ ਦੁਨੀਆਂ ਦੇ ਖਤਰਨਾਕ ਬੱਲੇਬਾਜ਼ਾਂ ਵਿਚ ਸ਼ਾਮਲ ਹੈ। ਉਹਨਾਂ ਦੇ ਟੈਸਟ ਵਨ ਡੇ ਦੇ ਕੁੱਲ ਐਵਰੇਜ ਵਿਚ 16 ਦਾ ਅੰਤਰ ਹੈ ਪਰ ਇਸਦਾ ਮਤਲਬ ਇਹ ਨਹੀਂ ਕਿ ਵਿਰੋਧੀ ਗੇਂਦਬਾਜ਼ ਉਹਨਾਂ ਨੂੰ ਵਰਲਡ ਕੱਪ ਵਿਚ ਹਲਕੇ ਵਿਚ ਲੈਣਗੇ।



### 3. ਕੋਰੀ ਐਂਡਰਸਨ

ਕੋਰੀ ਐਂਡਰਸਨ 2014 ਦੇ ਪਹਿਲੇ ਹੀ ਦਿਨ 36 ਗੇਂਦਾਂ ਵਿਚ ਸੈਂਕੜਾ ਲਗਾ ਕੇ ਨਿਊ ਈਅਰ ਦਾ ਜਸ਼ਨ ਮਨਾਉਣ ਵਾਲੇ ਕੋਰੀ ਐਂਡਰਸਨ ਤੋਂ ਵਰਲਡ ਕੱਪ ਵਿਚ ਨਿਊਜ਼ੀ-ਲੈਂਡ ਨੇ ਵੱਡੀ ਉਮੀਦ ਲਗਾਈ ਹੋਈ ਹੈ। ਹਾਲਾਂਕਿ ਉਸ ਜਾਂਬਾਜ ਪਾਰੀ ਤੋਂ ਬਾਅਦ ਹੁਣ ਤੱਕ 17 ਪਾਰੀਆਂ ਵਿਚ ਉਹ ਕੇਵਲ ਦੋ ਵਾਰ ਹੀ 50 ਰਨ ਦਾ ਅੰਕੜਾ ਪਾਰ ਕਰ ਸਕੇ ਹਨ। ਐਂਡਰਸਨ ਗੇਂਦਬਾਜੀ ਵਿਚ ਵੀ ਟੀਮ ਦੇ ਅਹਿਮ ਮੈਂਬਰ ਹਨ।



### 4. ਗਲੇਨ ਮੈਕਸਵੈਲ (ਆਸਟ੍ਰੇਲੀਆ)

ਪ੍ਰਸ਼ੰਸਕ ਉਹਨਾਂ ਨੂੰ ਦਾ ਬਿਗ ਸ਼ੋਅ ਕਹਿ ਕੇ ਬੁਲਾਉਂਦੇ ਹਨ। ਸਭ ਤੋਂ ਵੱਡੀ ਖੂਬੀ ਕਿਸੇ ਵੀ ਪੁਜ਼ੀਸ਼ਨ ਦੇ ਲਈ ਖੁਦ ਨੂੰ ਢਾਲ ਲੈਣਾ ਹੈ। ਜਦੋਂ 25 ਗੇਂਦਾਂ ਤੇ 50 ਰਨ ਚਾਹੀਦੇ ਹਨ ਤਾਂ ਉਹਨਾਂ ਨੂੰ ਭੇਜ ਦਿਓ। ਵਿਕਟ ਡਿੱਗ ਗਈ ਹੋਵੇ ਤਾਂ ਉਹ ਪਾਰੀ ਸੰਵਾਰਨਾ ਜਾਣਦੇ ਹਨ, ਜਿਵੇਂ ਕਿ ਟ੍ਰਾਈ ਸੀਰੀਜ਼ ਦੇ ਫਾਈਨਲ ਵਿਚ ਕੀਤਾ। ਆਫ ਸਪਿਨ ਗੇਂਦਬਾਜੀ ਉਹਨਾਂ ਦੀ ਦੂਜੀ ਵੱਡੀ ਤਾਕਤ ਹੈ।



### 5. ਡੀ ਕਾਕ (ਦੱਖਣੀ ਅਫਰੀਕਾ)

22 ਸਾਲ ਦਾ ਵਿਕਟ ਕੀਪਰ ਬੱਲੇਬਾਜ। ਵਿਸਫੋਟਕ ਓਪਨਰ, 36 ਵਨ ਡੇਅ ਵਿਚ 6 ਸੈਂਕੜੇ ਲਗਾ ਚੁੱਕੇ ਇਸ ਬੱਲੇਬਾਜ ਤੋਂ ਸਭ ਤੋਂ ਵੱਧ ਚੌਕਸ ਤਾਂ ਭਾਰਤੀ ਹੀ ਰਹਿਣਗੇ। ਦਸੰਬਰ 2013 ਵਿਚ ਡੀ ਕਾਕ ਭਾਰਤ ਦੇ ਖਿਲਾਫ ਇਕ ਹਫਤੇ ਤੱਕ ਤਿੰਨ ਸੈਂਕੜੇ ਲਗਾ ਚੁੱਕੇ ਹਨ। ਮੰਨਿਆ ਜਾਂਦਾ ਹੈ ਕਿ ਇਸ ਮਾਸੂਮ ਜਿਹੇ ਦਿੱਸਣ ਵਾਲੇ ਬੱਲੇਬਾਜ਼ ਦੇ ਧਮਾਕੇਦਾਰ ਪ੍ਰਦਰਸ਼ਨ ਦੇ ਕਾਰਨ ਹੀ ਗ੍ਰਸਮ ਸਮਿੱਥ ਸੰਨਿਆਸ ਲੈਣ ਲਈ ਮਜਬੂਰ ਹੋਏ। ਅਫਰੀਕੀ ਪ੍ਰਸ਼ੰਸਕ ਮੰਨ ਰਹੇ ਹਨ ਕਿ ਡੀ ਕਾਕ ਟੀਮ ਤੇ ਲੱਗੇ ਚੋਕਰ ਦੇ ਦਾਗ ਨੂੰ ਧੋ ਸਕਦੇ ਹਨ।




### 6. ਅਜਿੰਕੇ ਰਹਾਣੇ (ਭਾਰਤ

ਇਹ ਉਹੀ ਅਜਿੰਕੇ ਰਹਾਣੇ ਹਨ, ਜਿਸਨੇ 2008 ਵਿਚ ਮੁੰਬਈ-ਮਹਾਰਾਸ਼ਟਰ ਲਿਸਟ ਏ ਮੈਚ (ਘਰੇਲੂ ਵਨ ਡੇਅ) ਵਿਚ 187 ਰਨ ਲਗਾਏ ਸਨ। ਉਸੇ ਪਾਰੀ ਵਿਚ ਉਹਨਾਂ ਨੇ 8 ਛੱਕੇ ਅਤੇ 17 ਚੌਕੇ ਲਗਾਏ ਸਨ। 26 ਸਾਲਾ ਰਹਾਣੇ ਹਾਲਾਂਕਿ ਟੈਸਟ ਕ੍ਰਿਕਟ ਵਿਚ ਭਰੋਸੇਮੰਦ ਦਾ ਅਕਸ ਬਣਾ ਚੁੱਕੇ ਹਨ ਪਰ ਵਨ ਡੇਅ ਵਿਚ ਉਹਨਾਂ ਦੇ ਜਜ਼ਬੇ ਵਿਚ ਕੋਈ ਕਮੀ ਨਹੀਂ ਆਈ ਹੈ।



### 7. ਸਟੀਵਨ ਫਿਨ (ਇੰਗਲੈਂਡ)

ਦੋ ਹਫਤੇ ਪਹਿਲਾਂ ਈ ਬ੍ਰਿਸਬੇਨ ਵਿਚ ਭਾਰਤ ਦੇ ਖਿਲਾਫ 5 ਵਿਕਟਾਂ ਲੈ ਕੇ 6 ਫੁੱਟ 7 ਇੰਚ ਲੰਮੇ ਸਟੀਵਨ ਫਿਨ ਨੇ ਆਪਣੇ ਇਰਾਦੇ ਜ਼ਾਹਿਰ ਕਰ ਦਿੱਤੇ ਹਨ। ਜੇਮਸ ਐਂਡਰਸਨ ਅਤੇ ਸਟੂਅਰਟ ਬ੍ਰਾਡ ਦੀ ਤੇਜ ਤਿੱਕੜੀ ਵਿਚ ਸ਼ਾਮਲ ਇੰਗਲੈਂਡ ਦਾ ਇਹ 25 ਸਾਲਾ ਸਟਾਰ ਗੇਂਦਬਾਜ ਡੈਥ ਐਵਾਰਡ ਵਿਚ ਕਮਾਲ ਕਰ ਸਕਦਾ ਹੈ।



### 8. ਮੁਹੰਮਦ ਇਰਫਾਨ (ਪਾਕਿਸਤਾਨ)

ਕ੍ਰਿਕਟ ਦੀ ਦੁਨੀਆਂ ਦੇ ਸਭ ਤੋਂ ਲੰਮੇ ਖਿਡਾਰੀ (7 ਫੁੱਟ 1 ਇੰਚ) ਮੁਹੰਮਦ ਇਰਫਾਨ ਨੇ ਹਾਲਾਂਕਿ 2010 ਵਿਚ ਵਨ ਡੇਅ ਵਿਚ ਸ਼ੁ-ਰੂਆਤ ਕੀਤੀ ਸੀ ਪਰ ਹੁਣ 4 ਸਾਲ ਬਾਅਦ ਵਰਲਡ ਕੱਪ ਵਿਚ ਖੇਡਦੇ ਦਿੱਸਣਗੇ। 32 ਸਾਲਾ ਇਹ ਪਾਕਿਸਤਾਨੀ ਗੇਂਦਬਾਜ ਜ਼ਿਆਦਾ ਉਛਾਲ ਨਾਲ ਬੱਲੇਬਾਜ਼ਾਂ ਦੇ ਲਈ ਮੁਸ਼ਕਿਲਾਂ ਖੜ੍ਹੀਆ ਕਰ ਸਕਦਾ ਹੈ।



### 9. ਮੋਇਨ ਅਲੀ (ਇੰਗਲੈਂਡ)

ਭਾਰਤ ਦੇ ਇੰਗਲੈਂਡ ਦੌਰੇ ਦੌਰਾਨ ਚੰਗਾ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਵਿਚ ਸ਼ਾਮਲ ਰਹੇ ਮੋਇਨ ਅਲੀ ਅੱਜਕਲ੍ਹ ਇੰਗ-ਲੈਂਡ ਦੀ ਟੀਮ ਦੇ ਸਭ ਤੋਂ ਕੀਮਤੀ ਖਿਡਾਰੀ ਹਨ। ਕੇਵਲ ਚਲਾਕ ਆਫ ਸਪਿਨਰ, ਬਲਕਿ ਬੱਲੇਬਾਜ਼ੀ ਵਿਚ ਵੀ ਮਾਹਿਰ ਹਨ। 27 ਸਾਲਾ ਮੋਇਨ 7 ਟੈਸਟਾਂ ਵਿਚ 22 ਅਤੇ 17 ਵਨ ਡੇਅ ਵਿਚ 17 ਵਿਕਟ ਲੈ ਚੁੱਕੇ ਹਨ। ਟੈਸਟ ਅਤੇ ਵਨ ਡੇਅ ਬੱਲੇਬਾਜੀ ਵਿਚ 31-21 ਦਾ ਐਵਰੇਜ ਰੱਖਦੇ ਹਨ।



### 10. ਡੇਵਿਡ ਮਿਲਰ

ਮਿਲਰ ਵਰਲਡ ਕੱਪ-11 ਦੀ ਸੰਭਾਵੀ ਟੀਮ ਵਿਚ ਵੀ ਸਨ। ਪਰ ਖਰਾਬ ਫਾਰਮ ਨੇ ਉਹਨਾਂ ਨੂੰ ਵਿਸ਼ਵ ਕੱਪ ਨਹੀਂ ਖੇਡਣ ਦਿੱਤਾ। ਮਿਲਰ ਹੁਣ ਕਿਲਰ ਦੀ ਪਛਾਣ ਬਣ ਚੁੱਕੇ ਹਨ। ਟੀਮ ਦੀ ਜ਼ਰੂਰਤ ਬਣ ਚੁੱਕੇ ਮਿਲਰ ਮਚਿਓਰ ਹੋ ਗਏ ਹਨ। ਆਈ ਪੀ ਐਲ ਦੇਖਣ ਵਾਲੇ ਜਾਣਦੇ ਹਨ ਕਿ 25 ਸਾਲ ਦੇ ਮਿਲਰ ਮਿੰਟਾਂ ਵਿਚ ਪਾਰੀ ਪਲਟ ਦਿੰਦੇ ਹਨ।

# ਵਰਲਡ ਕੱਪ ਵਿਚ ਛੱਕਾ ਲਗਾਉਣਾ ਨਹੀਂ ਰਿਹਾ ਸੌਖਾ, ਬਾਊਂਡਰੀ ਹੋਈ 90 ਮੀਟਰ

ਵਰਲਡ ਕੱਪ ਵਿਚ ਬਾਊਂਡਰੀ ਲਾਈਨ ਉਮੀਦ ਤੋਂ ਵੱਡੀ ਨਜ਼ਰ ਆਵੇਗੀ। ਕਰੀਬ 20 ਮੀਟਰ ਵੱਡੀ। ਅਜਿਹੀ ਖੇਡ ਵਿਚ ਬੱਲੇਬਾਜ਼ਾਂ ਦਾ ਦਬਦਬਾ ਘੱਟ ਕਰਨ ਦੇ ਲਈ ਕੀਤਾ ਜਾਵੇਗਾ। ਆਈ ਸੀ ਸੀ ਨੇ ਇਸ ਬਾਰੇ ਫੈਸਲਾ ਲੈ ਲਿਆ ਹੈ। ਆਈ ਸੀ ਸੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਡੇਵਿਡ ਰਿਸਰਚਡਸਨ ਨੇ ਇਹ ਗੱਲ ਕਹੀ।

**ਇਸ ਕਰਕੇ ਛੱਕਾ ਮਾਰਨਾ ਨਹੀਂ ਰਿਹਾ ਸੌਖਾ**

ਉਹਨਾਂ ਨੇ ਕਿਹਾ, ਮੌਜੂਦਾ ਇੰਟਰਨੈਸ਼ਨਲ ਕ੍ਰਿਮਕਟ ਵਿਚ ਗੇਂਦ ਅਤੇ ਬੱਲੇ ਵਿਚਕਾਰ ਸੰਤੁਲਨ ਬੱਲੇ ਦੇ ਪੱਖ ਵਿਚ ਕਾਫੀ ਝੁਕਿਆ ਹੋਇਆ ਲੱਗਦਾ ਹੈ।

ਇਸਨੂੰ ਸੰਤੁਲਿਤ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਦੇ ਤਹਿਤ ਵਿਸ਼ਵ ਕੱਪ ਵਿਚ ਵਿਸ਼ੇਸ਼ ਕਰਕੇ ਆਸਟ੍ਰੇਲੀਆ ਦੇ ਵੱਡੇ ਮੈਦਾਨਾਂ ਵਿਚ ਜਿੱਥੇ ਵੀ ਸੰਭਵ ਹੋਵੇ, ਸੀਮਾ ਰੇਖਾ 90 ਮੀਟਰ ਤੱਕ ਕਰਨ ਦੀ ਯੋਜਨਾ ਹੈ। ਵਰਣਨਯੋਗ ਹੈ ਕਿ ਆਮ ਤੌਰ ਤੇ ਬਾਊਂਡਰੀ 70 ਮੀਟਰ ਦੇ ਕਰੀਬ ਹੁੰਦੀ ਹੈ।

**ਇਸ ਕਰਕੇ ਲਿਆ ਫੈਸਲਾ**

ਰਿਚਰਡਸਨ ਨੇ ਇਹ ਵੀ ਕਿਹਾ, ਕਿਸੇ ਨੂੰ ਡਿਵੀਲੀਅਰਸ, ਮੈਕੁਲਮ ਜਾਂ ਸੰਗਾਕਾਰਾ ਦੇ ਬਿਹਤਰੀਨ ਸ਼ਾਟਸ ਤੋਂ ਈਰਖਾ ਨਹੀਂ ਹੋਵੇਗੀ। ਜੇਕਰ ਉਹ ਸ਼ਾਨਦਾਰ ਛੱਕੇ ਲਗਾਉਂਦੇ ਹਨ ਤਾਂ ਕਿਸੇ ਨੂੰ ਪ੍ਰੇਸ਼ਾਨੀ ਨਹੀਂ ਹੋਵੇਗੀ।

ਪਰ ਜੇਕਰ ਕੋਈ ਬੱਲੇਬਾਜ਼ ਗਲਤ ਸ਼ਾਟ ਲਗਾਉਂਦਾ ਹੈ ਜਾਂ ਸਟ੍ਰੋਕ ਨੂੰ ਮਿਸਟਾਈਮ ਕਰਦਾ ਹੈ ਅਤੇ ਇਸ ਦੇ ਬਾਵਜੂਦ ਛੱਕਾ ਲਗਾਉਂਦਾ ਹੈ ਤਾਂ ਇਹ ਗੇਂਦਬਾਜ਼ਾਂ ਦੇ ਨਾਲ ਅੱਨਿਆਪੂਰਨ ਲੱਗ ਸਕਦਾ ਹੈ।

**ਬੱਲੇ ਦੀ ਸਾਈਜ਼ ਵਿਚ ਵੀ ਤਬਦੀਲੀ**

ਰਿਸਰਡਸਨ ਦੇ ਮੁਤਾਬਕ ਆਈ ਸੀ ਸੀ ਵਿਸ਼ੇਸ਼ ਕਰਕੇ ਬੱਲੇ ਦੀ ਮੋਟਾਈ ਦੀ ਸੀਮਾ ਤਹਿ ਕਰਨ ਤੇ ਵਿਚਾਰ ਕਰ ਰਹੀ ਹੈ। ਮੌਜੂਦਾ ਨਿਯਮ ਦੇ ਮੁਤਾਬਕ ਬੱਲੇ ਦੀ ਲੰਬਾਈ 38 ਇੰਚ ਅਤੇ ਚੌੜਾਈ 4.25 ਇੰਚ ਹੁੰਦੀ ਹੈ।

ਵੈਸਟ ਇੰਡੀਜ਼ ਦੇ ਕ੍ਰਿਸ ਗੇਲ ਨੇ ਬੱਲੇ ਦੇ ਆਕਾਰ ਦੀ ਸੀਮਾ ਤਹਿ ਕਰਨ ਦੇ ਪ੍ਰਸਤਾਵ ਤੇ ਆਪਣੀ ਅਸਹਿਮਤੀ ਪ੍ਰਗਟ ਕੀਤੀ ਹੈ। ਕਿਹਾ ਕਿ ਇਹ ਗਲਤ ਹੈ। ਆਸਟ੍ਰੇਲੀਆ ਦੇ ਬ੍ਰੈਟ ਲੀ ਨੇ ਵੀ ਗੇਲ ਦਾ ਸਮਰਥਨ ਕੀਤਾ ਹੈ।

**ਬੈਟ ਬਣਾਉਣ ਵਾਲੀਆਂ ਕੰਪਨੀਆਂ ਨੇ ਕੀਤਾ ਵਿਰੋਧ**

ਖੇਡ ਸਮਾਨ ਦੀ ਨਿਰਮਾਤਾ ਕੰਪਨੀ ਗਨ ਐਂਡ ਮੂਰੇ ਦੇ ਬ੍ਰਾਂਡ ਪ੍ਰਬੰਧਕ ਗ੍ਰੇਗ ਐਮੀ ਨੇ ਕਿਹਾ, ਬੱਲੇਬਾਜ਼ਾਂ ਦੇ ਗਲਤ ਸ਼ਾਟ ਤੇ ਲੱਗਣ ਵਾਲਾ ਛੱਕਾ ਜ਼ਿਆਦਾਤਰ ਸਟੇਡੀਅਮ ਦਾ ਆਕਾਰ ਛੋਟਾ ਹੋਣ ਦੇ ਕਾਰਨ ਲੱਗਦਾ ਹੈ। ਇਯ ਵਿਚ ਬੱਲੇ ਦੀ ਭੂਮਿਕਾ ਘੱਟ ਹੁੰਦੀ ਹੈ।

# ਆਇਰਲੈਂਡ ਪੂਲ 'ਬੀ' ਦੇ ਮੈਚ ਵਿੱਚ ਦੀ ਯੂਏਈ 'ਤੇ ਸੰਘਰਸ਼ਮਈ ਜਿੱਤ ਹਾਸਲ ਕੀਤੀ

**ਬ੍ਰਿਜ਼ਬਨ-** ਗੈਰੀ ਵਿਲਸਨ ਤੇ ਕੇਵਿਨ ਓ'ਬਰਾਇਨ ਵੱਲੋਂ ਢੁਕਵੇਂ ਸਮੇਂ 'ਤੇ ਖੇਡੀਆਂ ਗਈਆਂ ਨੀਮ ਸੈਂਕੜੇ ਵਾਲੀਆਂ ਪਾਰੀਆਂ ਦੀ ਮਦਦ ਨਾਲ ਆਇਰਲੈਂਡ ਨੇ ਆਈਸੀਸੀ ਕ੍ਰਿਕਟ ਵਿਸ਼ਵ ਕੱਪ ਵਿੱਚ ਪੂਲ 'ਬੀ' ਦੇ ਮੈਚ ਵਿੱਚ ਬੁੱਧਵਾਰ ਨੂੰ ਸੰਯੁਕਤ ਅਰਬ ਅਮੀਰਾਤ (ਯੂਏਈ) ਨੂੰ ਦੋ ਵਿਕਟਾਂ ਨਾਲ ਹਰਾ ਦਿੱਤਾ। ਪਹਿਲਾਂ ਬੱਲੇਬਾਜ਼ੀ ਦਾ ਸੱਦਾ ਮਿਲਣ 'ਤੇ ਯੂਏਈ ਵੱਲੋਂ ਸ਼ਾਇਮਨ ਅਨਵਰ (106 ਦੌੜਾਂ) ਨੇ ਸੈਂਕੜਾ ਜੜਿਆ। ਉਹ ਵਿਸ਼ਵ ਕੱਪ ਵਿਚ ਸੈਂਕੜਾ ਲਗਾਉਣ ਵਾਲਾ ਯੂਏਈ ਦਾ ਪਹਿਲਾ ਬੱਲੇਬਾਜ਼ ਹੈ। ਟੀਮ ਛੇ ਵਿਕਟਾਂ 'ਤੇ 131 ਦੌੜਾਂ 'ਤੇ ਜੂਝ ਰਹੀ ਸੀ। ਇਸ ਬਾਅਦ ਅਨਵਰ ਤੇ ਅਮਜਦ ਜਾਵੇਦ (42 ਦੌੜਾਂ) ਨੇ ਸੱਤਵੀਂ ਵਿਕਟ ਲਈ 107 ਦੌੜਾਂ ਦੀ ਸਾਂਝੇਦਾਰੀ ਕਰਕੇ ਟੀਮ ਨੂੰ 9 ਵਿਕਟਾਂ 'ਤੇ 278 ਦੌੜਾਂ 'ਤੇ ਪਹੁੰਚਾਇਆ। ਆਪਣੇ ਪਹਿਲੇ ਮੈਚ ਵਿੱਚ ਵੈਸਟ ਇੰਡੀਜ਼ ਨੂੰ ਹਰਾ ਕੇ ਸਨਸਨੀ ਫੈਲਾਉਣ ਵਾਲੀ 'ਜਾਇੰਟ ਕਿੱਲਰ' ਆਇਰਲੈਂਡ ਦੀ ਟੀਮ ਪਾਰੀ ਦੇ 26ਵੇਂ ਓਵਰ ਵਿੱਚ ਚਾਰ ਵਿਕਟਾਂ 'ਤੇ 97 ਦੌੜਾਂ ਬਣਾ ਕੇ ਸੰਘਰਸ਼ ਕਰ ਰਹੀ ਸੀ। ਇਸ ਬਾਅਦ ਵਿਲਸਨ (80 ਦੌੜਾਂ) ਨੇ ਇਕ ਪਾਸਾ ਸੰਭਾਲੀ ਰੱਖਿਆ ਜਦੋਂ ਕਿ ਕੇਵਿਨ ਨੇ 25 ਗੇਂਦਾਂ ਵਿੱਚ ਅੱਠ ਚੌਕਿਆਂ ਤੇ ਦੋ ਛੱਕਿਆਂ ਦੀ ਮਦਦ ਨਾਲ 50 ਦੌੜਾਂ ਦੀ ਤੂਫਾਨੀ ਪਾਰੀ ਖੇਡੀ। ਇਸ ਨਾਲ ਆਇਰਲੈਂਡ 49.2 ਓਵਰਾਂ ਵਿੱਚ ਅੱਠ ਵਿਕਟਾਂ 'ਤੇ 279 ਦੌੜਾਂ ਬਣਾਉਣ ਵਿੱਚ ਸਫ਼ਲ ਰਿਹਾ। ਆਇਰਲੈਂਡ ਦੀ ਇਹ ਦੋ ਮੈਚਾਂ ਵਿੱਚ ਦੂਜੀ ਜਿੱਤ ਹੈ। ਇਸ ਨਾਲ ਉਸ ਦੇ ਚਾਰ ਅੰਕ ਹਨ। ਇਸ ਨਾਲ ਉਹ ਗਰੁੱਪ 'ਬੀ' ਵਿੱਚ ਤੀਜੇ ਸਥਾਨ 'ਤੇ ਆ ਗਿਆ ਹੈ।







ਡਾ. ਕਰਮਜੀਤ ਸਿੰਘ
91-98763-23862

## ਲੋਕ ਗੀਤਾਂ ਦੇ ਨਾਲ ਤੁਰਦਿਆਂ

# ਹੰਸਾ-ਹੰਸੀ, ਭੈਣ-ਭਰਾ




ਔਰਤ ਦਾ ਮਾਂ ਤੋਂ ਬਾਅਦ ਜੇ ਕੋਈ ਸਭ ਤੋਂ ਨਜ਼ਦੀਕੀ ਭਾਵੁਕ ਰਿਸ਼ਤਾ ਹੈ, ਤਾਂ ਉਹ ਹੈ ਭਰਾ ਦਾ। ਕਈ ਵਾਰ ਤਾਂ ਇਉਂ ਲੱਗਦਾ ਹੈ ਕਿ ਗੀਤ ਵਿਚ ਪ੍ਰੇਮੀ ਜਾਂ ਪਤੀ ਦੀ ਥਾਂ ਭਰਾ ਸ਼ਬਦ ਨੂੰ ਟਿਕਾ ਕੇ ਉਸ ਤਰ੍ਹਾਂ ਦੇ ਵਿਛੋੜੇ ਵਿਚ ਉਦਰੇਵਾਂ ਪ੍ਰਗਟ ਕੀਤਾ ਗਿਆ ਹੈ। ਜਿਵੇਂ ਦਾ ਪ੍ਰੇਮੀ ਲਈ ਕੀਤਾ ਜਾਂਦਾ ਹੈ। ਕਈ ਵਾਰ ਪ੍ਰੇਮੀ-ਪਤੀ ਲਈ ਇਨ੍ਹਾਂ ਭਾਵਨਾਵਾਂ ਦੇ ਪ੍ਰਗਟਾਅ ਵਿਚ ਓਹਲਾ ਲੈ ਲਿਆ ਜਾਂਦਾ ਹੈ, ਪਰ ਭਰਾ ਦੇ ਮੋਹ-ਪ੍ਰਗਟਾਅ ਲਈ ਅਜਿਹੇ ਓਹਲੇ ਦੀ ਕਤਈ ਲੋੜ ਮਹਿਸੂਸ ਨਹੀਂ ਹੁੰਦੀ। ਉਦਾਹਰਣ ਲਈ ਇਹ ਪੰਗਤੀਆਂ ਵੇਖੀਆਂ ਜਾ ਸਕਦੀਆਂ ਹਨ:

ਬੀਰੇ ਮੈਅਲ ਪੁਆਏ, ਪੈਲੀ ਇੱਟ ਮੈਂ ਲਾਉਨੀ ਆਂ।
ਮੇਰਿਆ ਬਾਂਕਿਆਂ ਬੀਰਾ, ਤੇਰੇ ਡਿੱਠੇ ਮੈਂ ਜੀਨੀ ਆਂ।
ਬੀਰਾ ਰੁੱਸਿਆ ਨਾ ਜਾ ਵੇ, ਮਹੁਰਾ ਖਾ ਕੇ ਮਾਰ ਜਾਨੀ ਆਂ
ਕੋਈ ਮੋੜ ਲਿਆਵੇ, ਡਿੱਗਦੀ ਢਹਿੰਦੀ ਉੱਠ ਬੈਨ੍ਹੀਆਂ।
ਜਿਅਨੀ ਰਾਹੀਂ ਮਾਏ ਵੀਰਾ ਆਵੇ, ਨੀ ਵੀਰਾ ਆ ਵੇ।
ਓਅਨੀ ਰਾਹੀਂ ਮਾਏ ਸੜਕ ਪੁਆ ਦੇ;
ਸੜਕ ਪੁਆ ਦੇ ਮਾਏ, ਰੋੜ ਕੁਟਾ ਨੀ ਰੋੜ ਕੁਟਾ ਦੇ।
ਬਹਿੰਦਾ ਉੱਠਦਾ ਮਾਏ ਵੀਰਾ ਆਵੇ।

ਗੀਤਾਂ ਦੀਆਂ ਬਿਰਹਾ ਭਾਵਨਾਵਾਂ ਅਨੁਸਾਰ ਇਨ੍ਹਾਂ ਗੀਤਾਂ ਦੀਆਂ ਲੈਆਂ ਵੀ ਬੜੀਆਂ ਦਰਦੀਲੀਆਂ ਹਨ। ਸੈਂਕੜੇ ਗੀਤ, ਬੋਲੀਆਂ ਭੈਣ ਨੇ ਭਰਾ ਦੇ ਮੋਹ ਪ੍ਰਗਟਾਵੇ ਲਈ ਸਿਰਜੀਆਂ ਹਨ। ਲੋਕ ਗੀਤਾਂ ਵਿਚ ਪੇਸ਼ ਹੋ ਰਹੇ ਰਿਸ਼ਤਿਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਜਿਹੜਾ ਰਿਸ਼ਤਾ ਜਾਇਦਾਦੀ ਰਿਸ਼ਤਿਆਂ ਤੋਂ ਉੱਪਰ ਹੈ, ਉਸ ਵਿਚ ਅਸਲੀ ਮਾਨਵੀ ਮੋਹ ਦੀ ਖ਼ੁਸ਼ਬੋ ਵਧੇਰੇ ਹੈ। ਮਾਂ ਤੇ ਧੀ ਦਾ ਰਿਸ਼ਤਾ ਇਸੇ ਲਈ ਸਭ ਤੋਂ ਵਧੇਰੇ ਖਿੱਚ ਵਾਲਾ ਤੇ ਪਵਿੱਤਰ ਹੈ। ਭੈਣ ਜਦੋਂ ਤੱਕ ਭਰਾ ਨਾਲ ਜਾਇਦਾਦ ਵੰਡਾਉਣ ਦੀ ਗੱਲ ਨਹੀਂ ਕਰਦੀ ਉਨੀਂ ਦੇਰ ਇਸ ਰਿਸ਼ਤੇ ਵਿਚ ਕੋਈ ਤਰੇੜ ਨਹੀਂ ਆਉਂਦੀ ਜਾਂ ਮੋਹ ਵਿਚ ਭਰਾ ਦੀ ਘਰ ਵਾਲੀ ਦੀ ਵੰਡ ਸ਼ਾਮਿਲ ਨਹੀਂ ਹੋ ਜਾਂਦੀ।

ਇੱਥੇ ਇੰਜ ਗੀਤ ਦੀ ਮੈਂ ਗੱਲ ਕਰ ਰਿਹਾ ਹਾਂ ਉਸ ਵਿਚ ਇਕ ਛੋਟਾ ਜਿਹਾ ਬਿਰਤਾਂਤ ਵੀ ਹੈ। ਭਰਾ ਭੈਣ ਘਰ ਜਾਂਦਾ ਹੈ, ਉਸ ਨੂੰ ਭੈਣ ਦੀ ਨਣਾਨ ਪਸੰਦ ਆ ਜਾਂਦੀ ਹੈ। ਉਹ ਉਸ ਨੂੰ ਉਧਾਲ ਕੇ ਲੈ ਜਾਂਦਾ ਹੈ। ਭੈਣ ਪਹਿਲਾਂ ਤਾਂ ਭਰਾ ਨੂੰ ਸਮਝਾਉਂਦੀ ਹੈ, ਪਰ ਉਸ ਦੇ ਚਲੇ ਜਾਣ ਬਾਅਦ ਨਣਾਨ ਦੇ ਭਰਾ ਨਾਲ ਉਧਾਲੇ ਦੀ ਸੂਚਨਾ ਕੋਠੇ ਚੜ੍ਹ ਕੇ ਸਾਰੇ ਪਿੰਡ ਨੂੰ ਸੁਣਾ ਕੇ ਸੁਆਦ ਲੈਂਦੀ ਹੈ।

ਬਿਰਤਾਂਤ ਆਪਣੇ ਆਪ ਵਿਚ ਨਿਵੇਕਲਾ ਹੈ, ਇਸ ਲਈ ਸ੍ਰੋਤਾ ਖ਼ੁਦ-ਬਖ਼ੁਦ ਇਸ ਵੱਲ ਖਿੱਚਿਆ ਜਾਂਦਾ ਹੈ। ਗੀਤ ਦੀ ਲੈਅ ਬਹੁਤ ਦਿਲ ਖਿੱਚਵੀਂ ਭਾਵੇਂ ਨਹੀਂ, ਪਰੰਤੂ ਬਿਰਤਾਂਤ ਨਾਲ ਮਿਲ ਕੇ ਗੀਤ ਨੂੰ ਨਵੀਂ ਦਿੱਖ ਪ੍ਰਦਾਨ ਕਰਦੀ ਹੈ। ਗੀਤ ਦੀ ਸ਼ੁਰੂਆਤ, ਭੈਣ ਭਰਾ ਦੇ ਸੰਵਾਦ ਨਾਲ ਹੁੰਦੀ ਹੈ।

ਹੁਣ ਕਦ ਆਵੇਂਗਾ ਵੇ ਹੰਸਾ ਵੀਰ ਮੇਰਾ,
ਹੁਣ ਕਦ ਆਵੇਂਗਾ, ਵੀਰਾ ਮੇਰੇ ਦੇਸ ਨੂੰ।
ਹੁਣ ਮੈਂ ਆਵਾਂਗਾ ਨੀ ਹੰਸੀ ਭੈਣ ਮੇਰੀ,
ਹੁਣ ਆਵਾਂਗਾ ਭੈਣੇ ਫੱਗਣ ਚੇਤ ਨੂੰ।

ਬਿਰਤਾਂਤਕ ਗੀਤ ਵਿਚ ਅਜੇ ਤੁਕਾਂਤ ਵੀ ਪੂਰੀ ਤਰ੍ਹਾਂ ਮੁਲਾਇਮ ਨਹੀਂ ਹੋਏ। ਭੈਣ ਦੇ ਜਵਾਬ ਵਿਚ ਫੱਗਣ-ਚੇਤ ਦਾ ਵਾਅਦਾ ਕਰਕੇ, ਸੀਨ ਬਦਲੀ ਤੋਂ ਪਹਿਲਾਂ ਭੈਣ ਵੀਰ ਦੇ ਆਉਣ 'ਤੇ ਤਿਆਰ-ਬਰ-ਤਿਆਰ ਰਹਿਣ ਦੀ ਸੂਚਨਾ ਦਿੰਦੀ ਹੈ।

ਟਿੱਕੀਆਂ ਪਕਾ ਲਵਾਂਗੀ, ਹੰਸਾ ਵੀਰ ਮੇਰਾ,
ਹੁਣ ਵੇ ਆ ਜਾ ਵੀਰਾ ਮੇਰੇ ਦੇਸ ਨੂੰ।

ਬਿਰਤਾਂਤ ਦੀ ਅਗਲੀ ਘਟਨਾ ਹੈ, ਵੀਰ ਦਾ ਭੈਣ ਘਰ ਪਹੁੰਚਣਾ। ਇਹ ਗੱਲ ਹਮੇਸ਼ਾ ਧਿਆਨ ਵਿਚ ਰੱਖਣ ਵਾਲੀ ਹੈ ਕਿ ਬਿਰਤਾਂਤ ਲੋਕ-ਗੀਤ ਵਾਰਤਾਲਾਪ ਰਾਹੀਂ ਹੀ ਨੇਪਰੇ ਚੜ੍ਹਦੇ ਹਨ। ਦ੍ਰਿਸ਼ ਬਦਲੀ ਦਾ ਅੰਦਾਜ਼ਾ ਸ੍ਰੋਤੇ ਨੂੰ ਖ਼ੁਦ ਲਾਉਣਾ ਪੈਂਦਾ ਹੈ, ਕਦੇ-ਕਦਾਈਂ ਹੀ ਬਿਰਤਾਂਤਕਾਰ ਆਪਣੀ ਵੱਲੋਂ ਇਕ ਅੱਧ ਪੰਗਤੀ ਅਟੱਲ ਸੱਚਾਈ ਵਾਂਗ ਉਚਾਰਦਾ ਹੈ। ਇਹ ਆਪਣੇ ਆਪ ਵਿਚ ਇਕ ਸੂਤ੍ਰਿਕ ਵਾਕ ਹੁੰਦਾ ਹੈ। ਵੈਸੇ ਦੋ ਪਾਤਰਾਂ ਵਿਚੋਂ ਜੋ ਦੋ ਪਾਤਰ ਵਾਰਤਾਲਾਪ ਉਚਾਰਦੇ ਹਨ ਉਨ੍ਹਾਂ ਵਿਚੋਂ ਇਕ ਪਾਤਰ ਆਪ ਹੀ ਬਿਰਤਾਂਤਕਾਰ ਹੁੰਦਾ ਹੈ। ਇਸ ਗੀਤ ਦੀ ਅਗਲੀ ਸਥਿਤੀ ਵੀ ਵਾਰਤਾਲਾਪ ਰਾਹੀਂ ਸਪੱਸ਼ਟ ਹੁੰਦੀ ਹੈ।

ਕੁੰਡਾ ਖੋਲ੍ਹਦੇ ਨੀ ਹੰਸੀ ਭੈਣ ਮੇਰੀ,
ਕੁੰਡਾ ਖੋਲ੍ਹਦੇ ਭੈਣੇ ਆਪਣੀ ਡੇਹੜੀ ਦਾ,
ਕੁੰਡਾ ਸੱਸ ਦਾ ਵੇ, ਹੰਸਾ ਵੀਰ ਮੇਰਾ,
ਕੰਧ ਟੱਪ ਆ ਜਾ ਵੀਰਾ, ਮੇਰੇ ਘਰ ਨੂੰ।
ਕੰਧ ਟੱਪ ਆਵਾਂ ਨਾ ਹੰਸੀ ਭੈਣ ਮੇਰੀ,
ਚੋਰ ਕਹਾਵਾਂਗਾ ਭੈਣੇ ਤੇਰੇ ਦੇਸ ਦਾ।

ਗੱਲ ਚੱਲ ਰਹੀ ਸੀ, ਕੁੰਡਾ ਖੋਲ੍ਹਣ ਦੀ ਕਿ ਵਿਚ ਸੱਸ ਦਾ ਪਾਤਰ ਆ ਸ਼ਾਮਿਲ ਹੋਇਆ। ਭੈਣ ਕੰਧ ਟੱਪ ਕੇ ਆਉਣ ਦਾ ਕਹਿੰਦੀ ਹੈ ਤਾਂ ਇਕ ਨੈਤਿਕਤਾ ਵਿਚ ਆ ਖਲੋਂਦੀ ਹੈ। ਭੈਣ ਦੀ ਕੰਧ ਟੱਪ ਕੇ ਚੋਰ ਕਹਾਉਣ ਨੂੰ ਭਰਾ ਤਿਆਰ ਨਹੀਂ। ਅਗਾਂਹ ਗੀਤ ਚੁੱਪ ਹੈ। ਪਰ ਉਸ ਤੋਂ ਸੁਝਾ ਮਿਲਦਾ ਹੈ ਕਿ ਭਰਾ ਮੁੱਖ ਦਰਵਾਜ਼ੇ ਰਾਹੀਂ ਹੀ ਘਰ ਵਿਚ ਦਾਖ਼ਲ ਹੁੰਦਾ ਹੈ। ਭੈਣ ਤੁਰਦੀ-ਤੁਰਦੀ ਇਕ ਅਜਿਹੀ ਟਿੱਪਣੀ ਕਰਦੀ ਹੈ ਜੋ ਅਸਪੱਸ਼ਟ ਜਿਹੀ ਹੈ। ਲੱਗਦਾ ਹੈ ਗਾਇਕਾਵਾਂ ਇੱਥੇ ਕੁਝ ਭੁੱਲ ਗਈਆਂ ਹਨ। ਇਹ ਮੌਖਿਕ ਸਾਹਿਤ ਦੀ ਹੋਣੀ ਹੈ।

ਦੋਅਰੇ ਕੱਪੜੇ ਵੇ ਗਲ ਅਸਾਡੇ ਵੇ, ਹੰਸਾ ਵੀਰ ਮੇਰਾ,
ਤੇਰੇ ਕੱਪੜੇ ਵੀਰਾ ਚਿੱਟੇ ਦੁੱਧ ਵੇ।

ਮੋਟੇ ਤੌਰ 'ਤੇ ਭਰਾ ਦੇ ਕੱਪੜਿਆਂ ਦੀ ਆਪਣਿਆਂ ਕਪੜਿਆਂ ਦੀ ਤੁਲਨਾ ਵਿਚ ਸਿਫ਼ਤ ਕੀਤੀ ਜਾ ਰਹੀ ਹੈ।

ਕਿੱਥੇ ਰੱਖਾਂ ਨੀ ਸੁੱਚਾ ਤੇਵਰ ਨੀ, ਹੰਸੀ ਭੈਣ ਮੇਰੀ,
ਕਿੱਥੇ ਰੱਖਣਾ ਭੈਣੇ ਰਾਣੀ ਹਾਰ ਨੀ।
ਪੀੜ੍ਹੇ ਰੱਖਦੇ ਵੇ ਸੁੱਚਾ ਤੇਵਰ ਵੇ, ਹੰਸਾ ਵੀਰ ਮੇਰਾ,
ਕੀਲੀ ਟੰਗਦੇ ਵੀਰਾ ਰਾਣੀ ਹਾਰ ਵੇ।

ਭੈਣ ਭਰਾ ਦੀ ਇਹ ਮੁੱਢਲੀ ਵਾਰਤਾਲਾਪ ਪੰਜਾਬੀ ਸਭਿਆਚਾਰ ਦੀਆਂ ਕਈ ਝਾਕੀਆਂ ਪ੍ਰਸਤੁਤ ਕਰ ਦਿੰਦੀ ਹੈ। ਭੈਣ ਲਈ ਭਰਾ ਤੇਵਰ (ਤਿੰਨੇ ਕੱਪੜੇ) ਲੈ ਕੇ ਆਇਆ ਹੈ, ਉਹ ਵੀ 'ਸੁੱਚੇ' ਬਹੁਮੁੱਲੇ। ਰਾਣੀ ਹਾਰ। ਭਾਵੇਂ ਆਰਥਿਕ ਸਥਿਤੀ ਅਜਿਹੀ ਨਾ ਵੀ ਹੋਵੇ, ਪਰ ਕਲਪਨਾ ਵਿਚ ਅਜਿਹੀ ਅਤਿਕਥਨੀ ਅਵੱਸ਼ ਆ ਰਲਦੀ ਹੈ।

ਫਿਰ ਆਉਂਦਾ ਹੈ, ਪੀੜ੍ਹਾ ਤੇ ਕੀਲੀ। ਭੈਣ-ਭਰਾ ਵੱਲੋਂ ਲਿਆਂਦੀਆਂ ਕੀਮਤੀ ਚੀਜ਼ਾਂ ਦਾ ਵਿਖਾਲਾ ਕਰਦੀ ਹੈ, ਛੁਪਾ ਕੇ ਨਹੀਂ ਰੱਖਦੀ। ਇਸ ਲਈ ਸੁੱਚਾ ਤੇਵਰ ਪੀੜ੍ਹੀ 'ਤੇ ਰਖਵਾਉਂਦੀ ਹੈ ਤੇ ਕੀਲੀ 'ਤੇ ਰਾਣੀ-ਹਾਰ।

ਭਰਾ ਦੇ ਆਉਂਦਿਆਂ ਹੀ ਸੱਸ ਦਾ ਜ਼ਿਕਰ ਮਾਤਰ ਹੈ, ਇਸ ਤੋਂ ਬਾਅਦ ਉਹ 'ਵੀਰ ਨੂੰ ਸੁੱਕੀ ਖੰਡ' ਪਾਉਣ ਲਈ ਵੀ ਹਾਜ਼ਿਰ ਨਹੀਂ। ਬਿਰਤਾਂਤ ਸਾਡੀ ਨਿਗਾਹ ਕਿਸੇ ਹੋਰ ਥਾਂ ਟਿਕਾਉਣਾ ਚਾਹੁੰਦਾ ਹੈ, ਇਸ ਲਈ ਗ਼ੈਰ-ਜ਼ਰੂਰੀ ਚੀਜ਼ਾਂ ਦਾ ਜ਼ਿਕਰ ਤੱਕ ਕਰਕੇ ਅਗਾਂਹ ਲੰਘਦਾ ਜਾਂਦਾ ਹੈ। ਭਰਾ ਵਿਹੜੇ ਬੈਠੀ ਭੈਣ ਦੀ ਨਣਾਨ ਬਾਰੇ ਪੁੱਛਣਾ ਸ਼ੁਰੂ ਕਰ ਦਿੰਦਾ ਹੈ।

ਆਹ ਕੌਣ ਕੱਤਦੀ ਨੀ, ਹੰਸੀ ਭੈਣ ਮੇਰੀ,
ਆਹ ਕੌਣ ਕੱਤਦੀ, ਭੈਣੇ ਸੁੰਦਰ ਮੋਰਨੀ।
ਇਹ ਮੇਰੀ ਨਣਦੀ ਵੇ, ਹੰਸਾ ਵੀਰ ਮੇਰਾ,
ਇਹ ਮੇਰੀ ਨਣਦ ਐ, ਵੀਰਾ ਕਾ਼ਲੀ ਭੂਤਨੀ।

ਘਰ ਅੰਦਰ ਕਿਰਤ ਵਿਚ ਲੱਗੀ ਨਣਦ (ਜਾਂ ਕੋਈ ਹੋਰ ਔਰਤ) ਪੰਜਾਬੀ ਸਭਿਆਚਾਰ ਦਾ ਬੜਾ ਮਹੱਤਵਪੂਰਨ ਵੇਰਵਾ ਹੈ। ਔਰਤ ਪਾਣੀ ਲਿਆਉਂਦੀ, ਕੱਤਦੀ, ਸੀਂਦੀ-ਪਰੋਂਦੀ, ਤਣਦੀ-ਬੁਣਦੀ, ਕਢਾਈ ਕੱਢਦੀ, ਆਟਾ ਛਾਣਦੀ, ਛੱਟਦੀ-ਪੀਂਹਦੀ ਭਾਵ ਹਰ ਵੇਲੇ ਕਿਰਤ ਕਮਾਈ ਵਿਚ ਲੱਗੀ ਵਿਖਾਈ ਦਿੰਦੀ ਹੈ। ਇਸ ਗੀਤ ਵਿਚ ਨਣਦ ਵੀ ਆਹਰੇ ਲੱਗੀ ਹੋਈ ਹੈ, ਪਰੰਹਤੂ ਭਰਜਾਈ ਦਾ ਨਣਾਨ ਪ੍ਰਤਿ ਵਤੀਰਾ ਇਸ ਕਿਰਤ ਨੂੰ ਕੋਈ ਮਹੱਤਵ ਨਹੀਂ ਦੇਣ ਦਿੰਦਾ।

ਭਰਾ ਨੂੰ ਨਣਾਨ ਜੱਚ ਗਈ ਹੈ ਇਸ ਲਈ ਉਹ ਉਸ ਨੂੰ 'ਸੁੰਦਰ ਮੋਰਨੀ' ਦਾ ਖਿਤਾਰ ਦਿੰਦਾ ਹੈ। ਸੁੰਦਰਤਾ ਮੋਰ ਨੂੰ ਹੀ ਮਿਲੀ ਦੱਸੀ ਜਾਂਦੀ ਹੈ, ਪਰ ਇੱਥੇ ਪਹਿਲੀ ਬਾਰ 'ਮੋਰਨੀ ਦੀ ਸੁੰਦਰਤਾ' ਨੂੰ ਸਲਾਹਿਆ ਗਿਆ ਹੈ। ਭੈਣ ਈਰਖਾ ਨਾਲ ਭਰੀ ਇਸ ਤੁਲਨਾ ਤੋ ਉਲਟ ਉਸ ਨੂੰ 'ਕਾਲੀ ਭੂਤਨੀ' ਨਾਲ ਉਪਮਾ ਦਿੰਦੀ ਹੈ। ਇਕੋ ਵਿਅਕਤੀ ਦੂਸਰਿਆਂ ਦੋਂਹ ਨੂੰ ਪ੍ਰੇਮ ਤੇ ਈਰਖਾ ਕਾਰਨ ਬਿਲਕੁੱਲ ਵੱਖਰੀ ਤਰ੍ਹਾਂ ਦਾ ਵਿਖਾਈ ਦੇ ਰਿਹਾ ਹੈ।

ਇਹ ਮੈਨੂੰ ਮੰਗਦੇ ਨੀਂ, ਹੰਸੀ ਭੈਣ ਮੇਰੀ,
ਇਹ ਮੈਨੂੰ ਮੰਗਦੇ, ਭੈਣੇ ਸੁੰਦਰ ਮੋਰਨੀ।
ਸੱਤ ਕੁੜਮਾਈਆਂ ਮੈਨੂੰ ਆਈਆਂ, ਹੰਸਾ ਵੀਰ ਮੇਰਾ।
ਇਹ ਕੀ ਕਰਨੀ ਕਾ਼ਲੀ ਭੂੰਡ ਵੇ।

ਭਰਾ ਤਾਂ 'ਕਾ਼ਲੀ ਭੂਤਨੀ' ਜਾਂ 'ਕਾ਼ਲੀ ਭੂੰਡ' ਨੂੰ ਘਰ ਵਾਲੀ ਬਣਾਉਣ ਲਈ ਕਾਹਲਾ ਹੈ, ਪਰ ਭੈਣ ਨਣਾਨ ਨੂੰ ਕਰੂਪ ਦਰਸਾ ਕੇ ਇਹ ਰਿਸ਼ਤਾ ਰੋਕਣ ਦੀ ਕੋਸ਼ਿਸ਼ ਕਰਦੀ ਹੈ। ਕੁ-ੜਮਾਈ ਕਰਵਾਉਣ ਤੋਂ ਪਹਿਲਾਂ ਹੀ ਭਰਾ 'ਸੁੰਦਰ ਮੋਰਨੀ' ਲੈ ਜਾਣ ਲਈ ਕਾਹਲਾ ਪੈ ਗਿਆ ਹੈ।


ਸੱਤ ਕੁੜਮਾਈਆਂ ਮੈਨੂੰ ਆਈਆਂ, ਹੰਸੀ ਭੈਣ ਮੇਰੀ,
ਇਹ ਲੈ ਜਾਵਣੀ ਸੁੰਦਰ ਮੋਰਨੀ।

ਇੱਥੇ ਇਹ ਤੱਥ ਧਿਆਨ ਯੋਗ ਹੈ ਕਿ ਨਣਾਨ ਦਾ ਪਾਤਰ ਚਰਖਾ ਕੱਤਦਾ ਹੈ, ਉਸ ਬਾਰੇ ਚੰਗੇ ਮਾੜੇ, ਪ੍ਰੇਮ-ਈਰਖਾ ਦੇ ਭਾਵ ਤਿੱਖੇ ਰੂਪ ਵਿਚ ਉਚਾਰੇ ਜਾ ਰਹੇ ਹਨ, ਪਰ ਉਹ 'ਚੁੱਪ' ਹੈ, ਬਿਲਕੁੱਲ ਅਸਲੀ 'ਅਣਹੋਇਆ' ਹੈ, ਹਾਜ਼ਰ ਹੋ ਕੇ ਵੀ। ਬਿਰਤਾਂਤਕਾਰ ਭੈਣ ਨੇ ਉਸ ਨੂੰ ਕੁਝ ਵੀ ਉਚਾਰਣ ਦਾ ਮੌਕਾ ਤੱਕ ਨਹੀਂ ਦਿੱਤਾ। ਜੇ ਨਣਾਨ ਨੂੰ ਅਜਿਹਾ ਮੌਕਾ ਮਿਲਦਾ ਤਾਂ ਇਕ ਗੁੰਝਲਦਾਰ ਸਥਿਤੀ ਪੈਦਾ ਹੋ ਜਾਣੀ ਸੀ, ਜਿਸ ਤੋਂ ਲੋਕ ਬਿਰਤਾਂਤ ਬਚ ਕੇ ਚੱਲਦਾ ਹੈ।

ਇਸ ਵਾਰਤਾਲਾਪ ਤੋਂ ਬਾਅਦ ਇਹ ਮੰਨ ਲਿਆ ਗਿਆ ਹੈ ਕਿ ਘਟਨਾ ਵਾਪਰ ਗਈ ਹੈ। ਭਰਾ 'ਸੁੰਦਰ ਮੋਰਨੀ' ਨਣਾਨ ਨੂੰ ਉਧਾਲ ਕੇ ਲੈ ਗਿਆ ਹੈ, ਜਿਸ ਨੇ ਕੋਈ ਉਜਰ ਨਹੀਂ ਕੀਤਾ, ਜਿਸ ਦਾ ਅਰਥ ਇਹ ਹੈ ਕਿ ਉਸ ਦੀ ਮਰਜ਼ੀ ਵੀ ਵਿਆਹ ਦੇ ਹੱਕ ਵਿਚ ਹੈ। ਇਸੇ ਲਈ ਭੈਣ ਦੇ ਅਖੀਰਲੇ ਸ਼ਬਦ ਦੰਭ ਵਿਖਾਈ ਦਿੰਦੇ ਹਨ।

ਕੋਠੇ ਚੜ੍ਹਦੀ ਆਂ ਹਾਕਾਂ ਮਾਰਦੀ ਆਂ,
ਓ ਸਰਦਾਰ ਸਹੁਰਿਆ।
ਧੀ ਤੇਰੀ ਤੁਰ ਗਈ ਸਹੁਰਿਆ,
ਹੰਸੇ ਵੀਰ ਨਾਲ।

'ਸਰਦਾਰ ਸਹੁਰੇ' ਦਾ ਮਜ਼ਾਕ ਉਡਾਉਂਦੇ ਇਨ੍ਹਾਂ ਸ਼ਬਦਾਂ ਨਾਲ ਗੀਤ ਸਮਾਪਤ ਹੋ ਜਾਂਦਾ ਹੈ। ਪਿੱਛੇ ਛੱਡ ਜਾਂਦਾ ਹੈ ਬਹੁਤ ਕੁਝ ਸੋਚਣ ਨੂੰ ਕਿ ਰਿਤਾਂਤਕ ਲੋਕ ਗੀਤਾਂ ਦਾ ਆਪਣਾ ਵੱਖਰਾ ਬਿਰਤਾਂਤ-ਸ਼ਾਸਤਰ ਹੈ, ਜਿਸ ਨੂੰ ਵਧੇਰੇ ਬਾਰੀਕੀ ਨਾਲ ਸਮਝਣ ਦੀ ਲੋੜ ਹੁੰਦੀ ਹੈ। ਇਨ੍ਹਾਂ ਗੀਤਾਂ ਵਿਚ ਨਾ ਕੇਵਲ ਸਭਿਆਚਾਰ ਹੀ ਤਾਣੇ-ਪੇਟੇ ਵਿਚ ਸਮਾਇਆ ਹੁੰਦਾ ਹੈ ਸਗੋਂ ਲੋਕ-ਨੈਤਿਕਤਾ, ਰਿਸ਼ਤਿਆਂ ਦੀਆਂ ਸਥਿਤੀਆਂ ਤੇ ਈਰਖਾਵਾਂ ਕਈ ਪੱਧਰ 'ਤੇ ਨਵੀਆਂ ਸਿਰਜਣਾਵਾਂ ਕਰਦੀਆਂ ਹਨ। ***(ਚਲਦਾ)***




## "ਕਥਾਵਾਂ ਬਿਸਤ ਦੁਆਬ ਦੀਆਂ" ਦੀ ਦੂਜੀ ਕਿਸ਼ਤ

# ਚਾਰ ਕੀਮਤੀ ਗੱਲਾਂ



- ਡਾ. ਜਸਵੰਤ ਰਾਏ
91-98158-25999

ਇਕ ਵਪਾਰੀ ਘਰੋਂ ਵਪਾਰ ਕਰਨ ਤੁਰ ਪਿਆ। ਉਸ ਕੋਲ ਵਪਾਰ ਕਰਨ ਲਈ ਚਾਰ ਸੌ ਰੁਪਿਆ ਸੀ। ਵਪਾਰੀ ਤੁਰਿਆ ਜਾਂਦਾ ਸੋਚਦਾ ਬਈ ਮੈਂ ਕੱਲਾ ਕੈਰਾ ਆਂ। ਜਦ ਤੱਕ ਸੌਦਾ ਕਰਨ ਵੇਲੇ ਹਾਂ ਨਾਲ ਹਾਂ ਮਿਲਾਉਣ ਵਾਲਾ ਨਾ ਹੋਵੇ ਤਾਂ ਸੌਦਾ ਸਿਰੇ ਨਹੀਂ ਚੜ੍ਹਦਾ। ਰੱਬ ਸਬੱਬੀ ਉਹ ਅਜੇ ਇਹ ਗੱਲ ਸੋਚਦਾ ਈ ਆ ਕਿ ਇਕ ਰਾਹੀ ਉਸ ਨਾਲ ਆ ਮਿਲਦਾ। ਦੋਵੇਂ ਤੁਰੇ ਜਾਂਦੇ ਆ।

ਵਪਾਰੀ ਰਾਹੀ ਨੂੰ ਕਹਿੰਦਾ, ਬਈ ਸੱਜਣਾ ਚੁੱਪ ਕਰਕੇ ਤੁਰਿਆਂ, ਕੋਈ ਗੱਲਬਾਤ ਈ ਸੁਣਾ।

ਰਾਹੀ ਆਖਣ ਲੱਗਾ, ਗੱਲਬਾਤ ਤਾਂ ਸੁਣਾ ਦਿੰਦਾ ਪਰ ਇੱਕ ਗੱਲ ਦਾ 100 ਰੁ: ਲੱਗਣਾ।

ਚੱਲ ਸੌ ਈ ਲੈ ਲਈਂ, ਸੁਣਾ ਤਾਂ ਸਈ।

ਰਾਹੀ ਕਹਿੰਦਾ, ਪੱਤਣ ਛੱਡ ਕੁਪੱਤਣ ਨਾਈਂਏ।

ਵਪਾਰੀ ਨੇ ਸੌ ਰੁਪਏ ਰਾਹੀ ਨੂੰ ਦੇ ਦਿੱਤੇ। ਤੁਰੇ ਜਾਂਦੇ ਆ, ਵਪਾਰੀ ਫੇਰ ਰਾਹੀ ਨੂੰ ਗੱਲ ਸੁਣਾਉਣ ਲਈ ਆਖਦਾ। ਰਾਹੀ ਕਹਿੰਦਾ ਬਈ ਸੁਣਾ ਦਿੰਦਾ ਪਰ 100 ਰੁਪਿਆ ਤਿਆਰ ਰੱਖੀਂ। ਮੈਂ ਹਰ ਗੱਲ ਦਾ ਸੌ ਰੁਪਿਆ ਲਊਂਗਾ। ਵਪਾਰੀ ਕਹਿੰਦਾ, ਚੱਲ ਤੂੰ ਸ਼ੁਰੂ ਤਾਂ ਕਰ। ਗੱਲਬਾਤ ਕਰਨ ਨਾਲ ਸਫ਼ਰ ਛੇਤੀ ਮੁਕਦਾ।

ਰਾਹੀ ਕਹਿੰਦਾ, ਲੈ ਸੁਣ ਦੂਜੀ ਗੱਲ - ਜਿੱਥੇ ਤੈਨੂੰ ਦਸ ਬੰਦੇ ਕੋਈ ਗੱਲ ਆਖਣ ਉਹ ਮੰਨ ਲਵੀਂ। ਨਾਂਹ ਨੁੱਕਰ ਨਾ ਕਰੀਂ। ਤੀਜੀ ਗੱਲ: ਜਦੋਂ ਤੀਮੀਂ ਆਦਮੀ ਬੈਠੇ ਹੋਣ ਤਾਂ ਮੁੱਛ ਦੀ ਕਦਰ ਕਰੀਂ। ਤੀਮੀਂ ਵੱਲ ਧਿਆਨ ਨਾ ਦੇਵੀਂ।

ਚੌਥੀ ਗੱਲ : ਜਦੋਂ ਕੋਈ ਜ਼ਨਾਨੀ ਘੁੰਡ ਕੱਢੀ ਪਿੱਛੇ ਮੁੜ-ਮੁੜ ਦੇਖਦੀ ਤੁਰੀ ਜਾਵੇ ਤਾਂ ਉਹਦਾ ਇਤਬਾਰ ਨਾ ਕਰੀਂ। ਉਹਦੇ ਮਨ ਵਿੱਚ ਖੋਟ ਹੁੰਦੈ।

ਤਿੰਨ ਗੱਲਾਂ ਸੁਣਾ ਕੇ ਰਾਹੀ ਨੇ ਤਿੰਨ ਸੌ ਰੁਪਿਆ ਵਪਾਰੀ ਕੋਲੋਂ ਹੋਰ ਲੈ ਲਿਆ। ਵਪਾਰੀ ਕੋਲ ਸੌ ਰੁਪਿਆ ਸੀ। ਚਾਰ ਗੱਲਾਂ ਤੇ ਖਰਚ ਕੇ ਉਹ ਵਿਹਲਾ ਹੋ ਗਿਆ। ਕਾਫ਼ੀ ਵਾਟ ਇਕੱਠਿਆਂ ਤਹਿ ਕਰਨ ਤੋਂ ਬਾਅਦ ਦੋਵੇਂ ਅੱਡ ਅੱਡ ਹੋ ਜਾਂਦੇ ਆ।

ਵਪਾਰੀ ਤੁਰਿਆ ਜਾਂਦਾ - ਤੁਰਿਆ ਜਾਂਦਾ। ਰਸਤੇ ਵਿਚ ਉਸਨੂੰ ਕੁਝ ਆਦਮੀ ਖੂਹ ਤਾਰਦੇ 1 ਮਿਲੇ। ਵਪਾਰੀ ਨੇ ਉਹਨਾਂ ਵੱਲ ਧਿਆਨ ਨਹੀਂ ਦਿੱਤਾ ਪਰ ਬੰਦੇ ਉਸ ਨੂੰ ਹਾਕ ਮਾਰ ਲੈਂਦੇ ਆ। ਕਹਿੰਦੇ - ਰਾਹੀਆ, ਅਸੀਂ ਚਾਰ ਪੰਜ ਬੰਦੇ ਖੂਹ ਵਿਚ ਭੇਜ ਚੁੱਕੇ ਹਾਂ। ਖੂਹ ਠਹਾਂ 2 ਨਹੀਂ ਜਾ ਰਿਹਾ। ਬੰਦਿਆਂ ਨੇ ਸਾਨੂੰ ਵਾਪਸ ਕੋਈ ਹੁੰਗਾਰਾ ਨਹੀਂ ਦਿੱਤਾ। ਹੋਵੇ ਨਾ ਤਾਂ ਤੂੰ ਖੂਹ ਵਿਚ ਜਾ ਕੇ ਸਾਡੀ ਮੱਦਦ ਕਰ।

ਵਪਾਰੀ ਨੂੰ ਉਸ ਰਾਹੀ ਦੀ ਦੱਸੀ ਗੱਲ ਯਾਦ ਆ ਜਾਂਦੀ ਆ - ਬਈ ਜਿੱਥੇ ਦਸ ਬੰਦੇ ਕੋਈ ਕਹਿਣ ਉੱਥੇ ਮਨ੍ਹਾਂ ਨਹੀਂ ਕਰਨਾ।

ਵਪਾਰੀ ਰੱਬ ਦਾ ਨਾਂ ਲੈ ਕੇ ਖੂਹ ਵਿਚ ਉੱਤਰ ਜਾਂਦਾ। ਖੂਹ ਵਿਚ ਉੱਤਰ ਕੇ ਵਪਾਰੀ ਕੀ ਵੇਖਦਾ ਆ ਕਿ ਇਕ ਰਾਖਸ਼ ਜਿਹੜਾ ਆਪ ਤਾਂ ਕਰੂਪ ਜਿਹਾ ਪਰ ਉਸਦੇ ਘਰਵਾਲੀ ਬੜੀ ਮਨਮੋਹਣੀ ਸੁੰਦਰ ਸੂਰਤ ਵਾਲੀ ਆ, ਸਿੰਘਾਸਨ ਲਾਈ ਬੈਠੇ ਆ। ਰਾਖਸ਼ ਵਪਾਰੀ ਨੂੰ ਸਵਾਲ ਕਰਦਾ, ਦੱਸ, ਸਾਡੇ ਦੋਵਾਂ ਵਿਚੋਂ ਕਿਹੜਾ ਸ੍ਹੋਣਾ ਆਂ? ਵਪਾਰੀ ਪਹਿਲਾਂ ਤਾਂ ਘਬਰਾ ਜਾਂਦਾ ਪਰ ਫਿਰ ਉਸ ਨੂੰ ਰਾਹੀ ਦੀ ਗੱਲ ਯਾਦ ਆਉਂਦੀ ਆ ਕਿ ਮੁੱਛ ਦੀ ਕਦਰ ਕਰੀਂ। ਵਪਾਰੀ ਝੱਟ ਰਾਖਸ਼ ਵੱਲ ਇਸ਼ਾਰਾ ਕਰਦਾ, ਮਾਰ੍ਹਾਜ ਮੈਨੂੰ ਤਾਂ ਤੁਸੀਂ ਸੋਹਣੇ ਲੱਗਦੇ ਓਂ।

ਜਦੋਂ ਵਪਾਰੀ ਰਾਖਸ਼ ਨੂੰ ਸੋਹਣਾ ਆਖਦਾ ਤਾਂ ਰਾਖਸ਼ਣੀ ਉਸਨੂੰ ਖਾਣ ਨੂੰ ਝਪਟਦੀ ਆ। ਰਾਖਸ਼ ਵਪਾਰੀ ਨੂੰ ਬਚਾ ਲੈਂਦਾ ਤੇ ਰਾਖਸ਼ਣੀ ਨੂੰ ਕਹਿੰਦਾ, ਪਹਿਲਾਂ ਚਾਰ ਬੰਦਿਆਂ ਨੇ ਤੇਰੀ ਸਿਫ਼ਤ ਕੀਤੀ। ਤੂੰ ਉਹਨਾਂ ਨੂੰ ਵੀ ਨਿਗਲ ਗਈ। ਹੁਣ ਜੇ ਇਸ ਨੇ ਮੇਰੀ ਸਿਫਤ ਕੀਤੀ ਆ ਤਾਂ ਮੈ ਨੀ ਇਸ ਨੂੰ ਤੈਨੂੰ ਖਾਣ ਦੇਣਾ।

ਰਾਖਸ਼ ਵਪਾਰੀ ਸਾਹਮਣੇ ਬਹੁਤ ਸਾਰਾ ਧਨ ਹੀਰੇ ਜਵਾਹਰਾਤ ਕਰ ਦਿੰਦਾ ਕਹਿੰਦਾ, ਓਭਗਤਾ ਚੁੱਕ ਲੈ ਜਿੰਨਾ ਧਨ ਚੁੱਕ ਸਕਦਾਂ। ਅਸੀਂ ਤੇਰੀ ਲਿਆਕਤ ਤੇ ਬਹੁਤ ਖੁਸ਼ ਆਂ।

ਵਪਾਰੀ ਆਪਣੀ ਲੋੜ ਅਨੁਸਾਰ ਧਨ ਨਾਲ ਬੋਝੇ ਬਟੂਆ ਭਰ ਕੇ, ਖੂਹ ਠਹਾਂ ਨੂੰ ਉਤਰਾਅ ਕੇ ਬਾਹਰ ਆ ਜਾਂਦਾ। ਤੁਰਿਆ ਜਾਂਦਾ। ਰਾਹ ਵਿਚ ਪੱਤਣ ਤੇ ਬੜਾ ਭਾਰੀ ਮੇਲਾ ਲੱਗਿਆ। ਬੁੜੀਆਂ ਬੰਦੇ ਪੱਤਣ ਕਿਨਾਰੇ ਇਸ਼ਨਾਨ ਕਰੀ ਜਾਂਦੇ ਆ। ਵਪਾਰੀ ਦਾ ਮਨ ਵੀ ਇਸ਼ਨਾਨ ਕਰਨ ਨੂੰ ਕੀਤਾ। ਵਪਾਰੀ ਨੂੰ ਰਾਹੀ ਦੀ ਗੱਲ ਵੀ ਫੁਰ ਆਈ ਕਿ ਪੱਤਣ ਛੱਡ ਕਪੱਤਣ

(ਬਾਕੀ ਅਗਲੇ ਸਫੇ ਤੇ)






# ਅਫ਼ਜ਼ਲ ਤੌਸੀਫ਼ ਦੀਆਂ ਨਜ਼ਮਾਂ

ਅਫ਼ਜ਼ਲ ਤੌਸੀਫ਼ ਪਾਕਿਸਤਾਨ ਦੀ ਪੰਜਾਬੀ ਅਤੇ ਉਰਦੂ ਦੀ ਸੁਪ੍ਰਸਿੱਧ ਵਚਨਬੱਧ ਲੇਖਿਕਾ ਹੈ। ਉਹ ਵਾਹਗੇ ਪਾਰ ਦੇ ਪੰਜਾਬ ਦੀ ਨਾਮਵਰ ਅਦਬੀ ਸ਼ਖ਼ਸੀਅਤ ਹੈ। ਕਹਾਣੀ-ਖੇਤਰ ਵਿਚ ਉਸ ਦੀਆਂ ਲਿਖਤਾਂ ਦਾ ਜ਼ਿਕਰ ਅਕਸਰ ਹੁੰਦਾ ਰਹਿੰਦਾ ਹੈ। ਉਸ ਨੇ ਫੌਜ ਦੇ ਤਾਨਾਸ਼ਾਹੀ ਰਾਜ ਵਿਚ ਗੁਪਤ-ਵਾਸ ਦੀਆਂ ਪ੍ਰੇਸ਼ਾਨੀਆਂ ਬਰਦਾਸ਼ਤ ਕੀਤੀਆਂ ਹਨ ਤੇ ਜੇਲ੍ਹ ਦੀਆਂ ਦੁਸ਼ਵਾਰੀਆਂ ਵੀ ਝੱਲੀਆਂ ਹਨ। ਪਰ ਉਹ ਇਹਨਾਂ ਘੱਲੂਘਾਰਿਆਂ ਵਿਚ ਅਡੋਲ ਵਿਚਰਦੀ ਰਹੀ ਹੈ। ਉਹ ਲਹਿੰਦੇ ਪੰਜਾਬ ਦੀ ਪ੍ਰਸਿੱਧ ਕਾਲਮ ਨਵੀਸ ਵੀ ਹੈ ਤੇ ਕਦੇ ਕਦਾਈਂ ਨਜ਼ਮ ਵੀ ਲਿਖਦੀ ਹੈ। ਆਜ਼ਾਦ ਨਜ਼ਮ ਰਾਹੀਂ ਆਪਣੀਆਂ ਉਹਨਾਂ ਭਾਵਨਾਵਾਂ ਨੂੰ ਪ੍ਰਗਟ ਕਰਦੀ ਹੈ, ਜੋ ਹੋਰਨਾਂ ਸਾਹਿਤ-ਰੂਪਾਂ ਰਾਹੀਂ ਪ੍ਰਗਟ ਕਰਨੀਆਂ ਅਸੰਭਵ ਲੱਗਦੀਆਂ ਹਨ।

ਸੰਨ ਸੰਤਾਲੀ ਵੇਲੇ ਤੌਸੀਫ਼ ਦਾ ਸਾਰਾ ਪਰਿਵਾਰ ਫਿਰਕੂ ਕਾਤਲਾਂ ਦੇ ਹੱਥੋਂ ਕਤਲ ਹੋ ਗਿਆ ਸੀ। ਉਸ ਵੇਲੇ ਤੌਸੀਫ਼ ਨਾਨਕੇ ਪਿੰਡ ਗਈ ਹੋਣ ਕਾਰਨ ਬਚ ਗਈ ਸੀ। ਕਤਲੇ-ਆਮ ਦਾ ਉਹ ਸਾਰਾ ਦਰਦ ਤੌਸੀਫ਼ ਦੀਆਂ ਲਿਖਤਾਂ ਰਾਹੀਂ ਵੰਨ-ਸਵੰਨੇ ਸਾਹਿਤਕ ਰੂਪਾਂ ਰਾਹੀਂ ਪ੍ਰਗਟ ਹੋ ਕੇ ਸ਼ਾਨਦਾਰ ਤੇ ਜਾਨਦਾਰ ਰਚਨਾਵਾਂ ਦਾ ਰੂਪ ਧਾਰਦਾ ਰਹਿੰਦਾ ਹੈ। ਤੌਸੀਫ਼ ਦੀ ਸਾਹਿਤਕ ਅਜ਼ਮਤ ਅੱਗੇ ਸਿਰ ਝੁਕ ਜਾਂਦਾ ਹੈ। ਅੱਜ ਉਹ ਅੰਮ੍ਰਿਤਾ ਪ੍ਰੀਤਮ ਤੋਂ ਬਾਅਦ, ਦੋਹਾਂ ਪੰਜਾਬਾਂ ਵਿਚ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਸਤਿਕਾਰੀ ਲੇਖਿਕਾ ਹੈ।

ਪੇਸ਼ ਨਜ਼ਮਾਂ ਜੋ ਤੌਸੀਫ਼ ਹੋਰਾਂ ਦੀਆਂ ਕਈ ਪੁਸਤਕਾਂ ਵਿਚ ਖਿੰਡੀਆਂ ਪੁੰਡੀਆਂ ਪਈਆਂ ਸਨ, ਅੱਜ ਇਕੱਠੀਆਂ ਕਰਕੇ ਲਿਪੀ ਬਦਲ ਕੇ ਛਾਪੀਆਂ ਜਾ ਰਹੀਆਂ ਹਨ।

**ਲਿੱਪੀ ਪਰਿਵਰਤਨ - ਹਰਭਜਨ ਸਿੰਘ ਹੁੰਦਲ**
**ਫੋਨ - 99150-42242**

## ਅਮਨ ਕਿਤੇ ਨਹੀਂ

ਤੁਸੀਂ ਸ਼ਾਇਰ ਲੋਕ ਚੰਗੇ ਓ
ਅਮਨ ਦੀ ਗੱਲ ਕਰਦੇ ਓ
ਮਿਹਰ ਕਰੋ ਜੋ ਅਮਨ ਦਾ ਪਤਾ ਚਾ ਦੱਸੋ
ਅਮਨ ਕਿੱਥੇ ਵੱਸਦਾ ਏ?
ਤੇਰੇ ਸ਼ਹਿਰ ਵਿਚ ਨਹੀਂ
ਮੇਰੇ ਪਿੰਡ ਵਿਚ ਨਹੀਂ
ਘੁੱਗੀ ਨਿਮਾਣੀ ਦਾ ਆਲ੍ਹਣਾ ਨਹੀਂ
ਕਿ ਪਿਪਲਾਂ ਵਾਲੇ ਖੂਹ ਤੇ ਨਹੀਂ
ਅਮਨ ਕਿਧਰੇ ਵੀ ਨਹੀਂ।

ਘਰ ਦੀਆਂ ਚਹੁੰ ਕੰਧਾਂ ਅੰਦਰ
ਕਈ ਫ਼ਿਕਰਾਂ ਕਈ ਖ਼ਤਰੇ
ਕਈ ਅੰਦੇਸ਼ੇ, ਕਈ ਜੰਗਾਂ,
ਕਈ ਮਸਲੇ ਹਨ
ਬੁੱਢੜੀ ਮਾਈ ਨੂੰ ਡਾਕੂ ਲੁੱਟੇ ਨਿੱਤ ਨਿੱਤ
ਗਲੀ ਗਲੀ ਬਾਲਾਂ ਦਾ ਕਾਤਿਲ ਖੜ੍ਹਾ
ਸੜਕ ਸੜਕ ਕਲਾਨੀਕੋਵ ਚੱਲਦੀ
ਤੇ ਰੇਪ ਵਾਲੇ ਗੈਂਗੀ ਹਰ ਥਾਂ, ਸ਼ਹਿਰ ਗਿਰਾਂ
ਅਮਨ ਦੀ ਜੂਹ ਉਜਾੜੀ ਜਾਂਦੇ
ਕੀ ਹਾਕਮ, ਕੀ ਗੁੰਡੇ ਰਲ ਕੇ
ਆਪਣੇ ਦੇਸ਼ ਅੱਜ ਅਮਨ ਦੀ ਗੱਲ
ਔਖੀ ਥੀ ਗਈ ਏ
ਚੱਲ ਬਾਹਰ ਕਿਤੇ ਚੱਲ ਕੇ ਪੁੱਛੀਏ
ਕਿਸ ਭਾਅ ਵਿਕੇਂਦੀ ਏ ਦਾਤ
ਬੋਸਨੀਆਂ ਦੇ ਸ਼ਹਿਰ ਵਿਚ?
ਕਸ਼ਮੀਰ ਦੀਆਂ ਵਾਦੀਆਂ ਵਿਚ
ਅਫ਼ਗਾਨ ਪਹਾੜਾਂ ਉੱਤੇ
ਇਸ਼ਕ ਦੇ ਸ਼ਹਿਰਾਂ ਕੋਲੋਂ ਪੁੱਛ ਲਈਏ
ਬੰਬਈ ਦੀਆਂ ਗਲੀਆਂ ਵੇਖਣ ਚੱਲੀਏ

ਹੈ ਰਾਤ! ਸਦ ਹੈਫ਼!
ਇਨਸਾਨ ਦੀਆਂ ਲਾਸ਼ਾਂ ਬੇਕਫ਼ਨ
ਹਰ ਥਾਂ, ਹਰ ਪਾਸੇ
ਅਮਨ ਦੀ ਆਬਰੂ ਰੇਜ਼ੀ,
ਹਰ ਥਾਂ, ਹਰ ਪਾਸੇ
ਫਿਰ ਵੀ ਉਹ ਕਹਿੰਦੇ ਨੇ
ਫ਼ਿਕਰ ਦੀ ਗੱਲ ਨਹੀਂ
ਕੱਲ੍ਹ ਨੂੰ ਐਥੇ ਵੀ ਸ਼ਹੀਦੀ ਕਬਰਾਂ
ਫੁੱਲ ਚੜਾਵੇ ਮੰਗ ਲੈਣਗੀਆਂ
ਜਿਵੇਂ ਅੱਜ ਹੀਰੋਸ਼ੀਮਾ ਨੂੰ
ਗੁਲਾਬੀ ਫੁੱਲਾਂ ਦੇ ਗੁਲਦਸਤੇ ਚੜ੍ਹਦੇ
ਵੀਅਤਨਾਮ ਵਾਲੇ ਤਾਂ ਅਣਖੀ ਬੰਦੇ
ਬਗ਼ਦਾਦ ਵਾਲਿਆਂ ਦੇ
ਸਬਰ ਦਾ ਕੋਈ ਅੰਤ ਨਹੀਂ
ਪਰ ਫਲਸਤੀਨ ਦੀਆਂ
ਉਜੜੀਆਂ ਗਲੀਆਂ
ਅੱਜ ਵੀ ਬੁੱਕ ਬੁੱਕ ਰੋਂਦੀਆਂ।

ਰੋਣਾ ਤਾਂ ਕਦੇ ਮੈਨੂੰ ਵੀ ਆਉਂਦਾ,ਲਦ ਕੋਈ ਆ ਕੇ ਦੱਸਦੇ
ਰਾਵੀ ਕੰਢੇ ਮੋਰ ਮੁੱਕ ਗਏ
ਨਿੱਕੀ ਕਾਕੀ ਦੀ ਇੱਜ਼ਤ ਲੁੱਟ ਗਈ
ਸੱਸੇ ਦੇ ਬਾਗ ਵਿਚ
ਚਿੱਟੇ ਗੁਲਾਬਾਂ ਦੇ ਬੂਟੇ ਸੁੱਕ ਗਏ
ਤਾਲਿਬ-ਇਲਮਾਂ ਦਾ ਕਤਲ ਹੋਇਆ
ਲੈਨਿਨਗ ਰਾਤ ਹੁਣ

ਰੱਤੜ ਫੁੱਲਾਂ ਦਾ ਸ਼ਹਿਰ ਵੀ ਨਹੀਂ ਰਿਹਾ
ਬੁਰਾ ਨਾ ਮੰਨੀਂ ਵੀਰਾ ਜੇ ਮੈਂ ਆਖਾਂ
ਤੂੰ ਨਿਰਾ ਸ਼ਾਇਰ ਹੋ ਕੇ
ਦੁਨੀਆਂ ਤੋਂ ਪਛੜ ਗਿਆ ਏਂ
ਛੱਡ ਪੁਰਾਣੀਆਂ ਤਸ਼ਬੀਹਾਂ ਦੀ ਗੱਲ
ਕੋਈ ਨਵਾਂ ਹਿਸਾਬ ਚਾ ਕਰ ਲਏ ਬਹਿ ਕੇ
ਤੈਨੂੰ ਪਤਾ ਹੀਰੋਸ਼ੀਮਾ ਉੱਤੇ ਸੁੱਟੇ ਗਏ
ਬੰਬ ਦਾ ਵਜ਼ਨ
ਕੁੱਲ ਤੇਰਾਂ ਕਿੱਲੋ ਟਨ
ਬਸ 13 ਹਜ਼ਾਰ ਟਨ ਦਾ
ਨਿੱਕਾ ਜਿਹਾ ਖਿਡੌਣਾ ਸੀ ਉਹ
ਪਰ ਅੱਜ ਪੰਜਾਹ ਵਰ੍ਹੇ ਹੰਢਾ ਕੇ
ਉਹ ਸੌ ਗੁਣਾ ਵੱਡਾ ਹੋ ਚੁੱਕਾ
ਓਸ ਵੇਲੇ ਉਹਨਾਂ ਕੋਲ ਤੀਸਰਾ ਦਾਣਾ
ਤਿਆਰ ਨਹੀਂ ਸੀ
ਸੋ ਤੀਸਰਾ ਬਚ ਗਿਆ
ਤੀਸਰਾ ਸ਼ਹਿਰ ਟੋਕੀਓ ਨਹੀਂ
ਮਾਸਕੋ ਸੀ।
ਮਾਸਕੋ ਜੋ ਅੱਜ ਮੰਗਤਾ
ਕੱਲ੍ਹ ਦਿਆਲੂ ਸੀ
ਫਾਸਿਜ਼ਮ ਦੀ ਸਵਾਹ ਵਿਚੋਂ
ਅਮਨ ਦਾ ਅਸਲੀ ਦੁਸ਼ਮਣ

ਵੱਡਾ ਸਾਮਰਾਜ ਪੰਜਾਹ ਵਰ੍ਹੇ ਦਾ ਹੋ ਚੁੱਕਾ
ਅੱਜ ਉਹਦੇ ਕੋਲ ਬੰਬ ਗੋਲੇ ਬਹੁਤੇ ਨੇ
ਦੁਨੀਆਂ ਕੋਲ ਸ਼ਹਿਰ ਥੋੜ੍ਹੇ
ਤਬਾਹ ਕਰਨ ਦੀ ਤਾਕਤ
ਕੁੱਲ ਦੁਨੀਆਂ ਅੱਠ ਵਾਰੀ
ਸੜ ਕੇ ਬੁੱਝ ਸਕਦੀ ਏ
ਜ਼ਿੰਦਗੀ ਸਦਾ ਲਈ ਮੁੱਕ ਸਕਦੀ ਏ
ਪਰ ਜੇ ਬੰਬ ਗੋਲੇ ਨਾ ਵੀ ਚੱਲਣ ਤਾਂ
ਅਮਨ ਤੇ ਜ਼ਿੰਦਗੀ ਨੂੰ ਖ਼ਤਰਾ ਟਲਦਾ ਨਹੀਂ
ਕਿਉਂ ਜੋ ਅਮਨ
ਜ਼ੁਲਮ ਦੇ ਨਾਲ ਰਹਿ ਨਹੀਂ ਸਕਦਾ
ਉਸੇ ਤਰ੍ਹਾਂ ਜਿਵੇਂ ਭੁੱਖ ਦੀ ਡੈਣ
ਇੱਕ ਨਾਜ਼ੁਕ ਜਿਹੀ ਬਾਲੜੀ ਦਾ
ਹੁਸਨ ਤੇ ਮਾਸ ਚੱਟ ਜਾਂਦੀ ਏ।

ਅੱਜ ਦੁਨੀਆਂ ਤੇ
ਜ਼ੁਲਮ ਵੀ ਵੱਧ ਗਿਆ ਏ
ਸੌ ਕਰੋੜ ਭੁੱਖੇ ਢਿੱਡ ਅੱਗੋਂ ਹੋਰ ਵਧ ਰਹੇ ਨੇ
ਇਨਸਾਨ ਦੀ ਜਾਨ ਨੂੰ ਖ਼ਤਰਾ
ਆਲਮੀ ਅਮਨ ਨੂੰ ਖ਼ਤਰਾ
ਸਦਾ ਕੋਲੋਂ ਬਹੁਤਾ ਆਮ ਸ਼ਹਿਰੀ ਨੂੰ ਖ਼ਤਰਾ
ਅੱਜ ਸ਼ਾਇਰ ਨੂੰ ਚਾਹੀਦਾ ਅਮਨ ਤੇ ਨਜ਼ਮ
ਦੋਵਾਂ ਦੀ ਹਿਫ਼ਾਜ਼ਤ ਕਰੇ
ਸੌ ਹਜ਼ਾਰ ਐਟਮ ਬੰਬਾਂ ਦਾ ਤੋੜ ਲੱਭ ਕੇ
ਸੌ ਕਰੋੜ ਭੁੱਖਿਆਂ ਲਈ ਕਣਕ ਬੀਜ ਕੇ
ਨਿੱਕੀ ਗੁਜਰੀ ਦੇ ਪੀਂਘ ਝੂਟਣ ਲਈ
ਉੱਚੀਆਂ ਲੰਮੀਆਂ ਟਾਹਲੀਆਂ ਲਾ ਕੇ
ਰੇਪ-ਗੈਂਗਾਂ ਦਾ ਬੀ ਮਾਰ ਕੇ
ਜੇ ਕੋਈ ਕਰ ਸਕਦਾ ਏ
ਤਾਂ ਜ਼ਿੰਦਗੀ ਦੀ
ਤਾਂ ਜ਼ਿੰਦਗੀ ਦੀ ਭਾਲ ਕਰੇ।

## ਲਫ਼ਜ਼ ਬੋਲਿਆ

ਅਜ਼ਲ ਤੋਂ ਇਹ ਦੁਨੀਆਂ
ਆਵਾਜ਼ਾਂ ਨਾਲ ਭਰੀ ਹੋਈ ਸੀ
ਪਰ ਆਦਮੀ ਅਜ਼ਲ ਤੋਂ ਬੋਲਦਾ ਨਹੀਂ ਸੀ
ਲੱਖਾਂ ਹਜ਼ਾਰਾਂ ਸਾਲਾਂ ਪਿੱਛੋਂ
ਕਿਤੇ ਲਫ਼ਜ਼ ਜੰਮਿਆ
ਜੰਮਦਿਆਂ ਸਾਰ ਬੋਲਣ ਲੱਗ ਪਿਆ
ਆਦਮੀ ਨੂੰ ਬੜਾ ਚੰਗਾ ਲੱਗਾ
ਉਹਨੇ ਸਾਥੀ ਬਣਾ ਲਿਆ
ਕਈ ਜ਼ਮਾਨੇ ਆਦਮੀ ਤੇ ਲਫ਼ਜ਼
ਆੜੀ ਆੜੀ ਖੇਡਦੇ ਰਹੇ
ਇੱਕ ਦੂਜੇ ਨਾਲ ਰਹਿੰਦੇ
ਆਪਸ ਵਿਚ ਗੱਲਾਂ ਕਰਦੇ ਰਹੇ
ਫਿਰ ਜਦੋਂ ਦੁਨੀਆਂ ਉੱਤੇ
ਮਾਲਕੀ ਦਸਤੂਰ ਬਣੇ
ਆਦਮੀ ਨੇ

ਆਪਣੇ ਸਾਥੀ ਨਾਲ ਚਲਾਕੀ ਚੱਲੀ
ਲਫ਼ਜ਼ ਲਿਖ ਕੇ ਖਾਤੇ ਵਿਚ ਰੱਖ ਲਿਆ
ਫੇਰ ਸਾਰ ਨਾ ਪੁੱਛੀ
ਲਿਖਿਆ ਲਫ਼ਜ਼ ਰੋਣ ਲੱਗ ਪਿਆ
ਕੋਈ ਪੁੱਛੇ ਕਿਸ ਗੱਲੋਂ?
ਲਫ਼ਜ਼ ਬੋਲਿਆ,
ਲਿਖੇ ਜਾਣ ਤੋਂ ਪਹਿਲਾਂ ਮੈਂ ਆਜ਼ਾਦ ਸਾਂ
ਅਰਥਾਂ ਦੇ ਸੱਤ ਅਸਮਾਨ
ਮੇਰੇ ਅੱਗੇ ਖੁੱਲ੍ਹੇ ਪਏ ਸੀ

ਹੁਣ ਕੀ ਹੈ, ਮੈਂ ਗੁਲਾਮ ਹਾਂ
ਗੁਲਾਮ ਵੀ ਕੀਹਦਾ ਕੀਹਦਾ?
ਇੱਕ ਜੁਮਲੇ ਦਾ, ਇੱਕ ਗੱਲ ਦਾ
ਇਕ ਮਤਲਬ ਦਾ, ਕਿਸੇ ਲਿਖਣ ਵਾਲੇ ਦਾ
ਓਸੇ ਤਰ੍ਹਾਂ ਜਿਵੇਂ ਕੋਈ ਮਾੜਾ ਮੁਲਕ
ਸਾਮਰਾਜ ਦੇ ਮਤਲਬ ਦਾ
ਗੁਲਾਮ ਹੁੰਦਾ ਏ।

## ਸਵੈ-ਚਿੱਤਰ/ ਮੈਂ ਕੌਣ?

ਮੈਂ ਕੌਣ?
ਇੱਕ ਔਰਤ ਹਾਂ ਮਹਿਮੂਲੀ ਜਿਹੀ
ਕਾਲੀ ਨਾ ਗੋਰੀ
ਜਨਮ ਵੇਲੇ ਮੇਰਾ ਚਿਹਰਾ
ਨਕਸ਼ਾਂ ਤੋਂ ਖਾਲੀ ਸੀ
ਏਸੇ ਲਈ ਮੈਂ ਆਪਣੀ ਮਿੱਟੀ
ਫਿਰ ਤੋਂ ਗੁੰਨੀ
ਆਪਣੇ ਹੱਥਾਂ ਨਾਲ
ਆਪਣਾ ਮੁੱਖ ਬਣਾਇਆ।

ਮੇਰਾ ਚਿਹਰਾ ਬਹੁਤ ਖ਼ੂਬਸੂਰਤ ਨਹੀਂ
ਪਰ ਨਕਸ਼ ਪੂਰੇ ਨੇ
ਜਨਮ ਵੇਲੇ ਮੇਰਾ ਨਾਮ ਗੁੰਮਨਾਮ ਸੀ
ਮੈਂ ਖ਼ੁਦ ਹੀ ਆਪਣਾ ਨਾਂ ਰੱਖਿਆ
ਬਹੁਤ ਉੱਚਾ ਨਹੀਂ
ਪਰ ਨਾਂ ਦਾ ਅਰਥ ਪੂਰਾ ਹੈ
ਇਤਿਹਾਸ ਮੇਰੇ ਹੱਕ ਵਿਚ ਨਹੀਂ ਸੀ
ਉਸੇ ਨੇ ਮੇਰੇ ਰਾਹ ਵਿਚ ਕੰਡੇ ਬੀਜੇ।

ਸਮਾਜ ਮੇਰੇ ਖਿਲਾਫ਼ ਸੀ
ਉਸਨੇ ਮੇਰੇ ਸਿਰ ਉੱਤੇ ਹਨ੍ਹੇਰੇ ਦਾ
ਤੰਬੂ ਤਾਣ ਦਿੱਤਾ
ਤਾਂ ਕਿ ਮੈਂ ਅਸਮਾਨ ਨੂੰ ਨਾ ਵੇਖ ਸਕਾਂ
ਨਾ ਹੀ ਕਿਸੇ ਚੰਨ-ਤਾਰੇ ਨਾਲ ਗੱਲ ਕਰਾਂ
ਮੇਰੇ ਦਿਲ ਨੂੰ ਇਹ ਸਲੂਕ ਬੁਰਾ ਲੱਗਿਆ
ਉਸਨੇ ਮੈਨੂੰ ਸਲਾਮ ਦਿੱਤੀ
ਚੱਲ ਜੋਗੀ ਬਣ ਜਾਈਏ
ਪਰ ਜੋਗਣ ਜੰਗਲ ਕਿਵੇਂ ਜਾਂਦੀ?
ਮੇਰੇ ਪੈਰਾਂ ਵਿਚ ਲੋਹੇ ਦੀ ਬੇੜੀ ਸੀ
ਮੈਂ ਖਾਮੋਸ਼ ਰਹਿ ਕੇ
ਨਾਰਾਜ਼ਗੀ ਪ੍ਰਗਟ ਕੀਤੀ
ਰਿਸ਼ਤੇ-ਨਾਤੇ ਸਾਰੇ ਤੋੜ ਦਿੱਤੇ।

ਕਿਤਾਬ ਦੀ ਓਟ ਵਿਚ
ਮੂੰਹ ਲੁਕਾ ਕੇ ਨੁੱਕਰੇ ਜਾ ਬੈਠੀ
ਕਿਤਾਬ ਨੂੰ ਮੇਰੇ ਦਿਲ ਦੀ ਖ਼ਬਰ ਸੀ
ਉਸ ਨੇ ਮੈਨੂੰ ਕਈ ਗੱਲਾਂ ਦੱਸੀਆਂ
ਇੱਕ ਨਵੀਂ ਦੁਨੀਆਂ ਦੀ ਕਹਾਣੀ ਸੁਣਾਈ
ਫਿਰ ਇੱਕ ਦਿਨ ਸਵੇਰੇ ਸਵੱਖਤੇ
ਸੂਰਜ ਨੇ ਆਪਣੀਆਂ ਦੋ ਕਿਰਨਾਂ
ਮੇਰੇ ਵੱਲ ਸੁੱਟੀਆਂ
ਮੈਂ ਆਪਣੇ ਹੱਥਾਂ ਵਿਚ ਕਲਮ ਫੜ ਲਈ
ਤੇ ਇੱਕ ਲਫ਼ਜ਼ ਲਿਖਿਆ
ਧੀਮਾ ਸ਼ਬਦ ਸੀ ਉਹ
ਪਰ ਹਵਾ ਲੱਗਦੇ ਹੀ ਦੀਵੇ ਵਾਂਗ
ਲੋਅ ਦੇਣ ਲੱਗਾ
ਉਹੀ ਲਾਟ ਮੇਰੇ ਕੰਮ ਆਈ
ਮੈਂ ਹਨ੍ਹੇਰੇ ਦਾ ਤੰਬੂ ਸਾੜ ਸੁੱਟਿਆ
ਹੁਣ ਕੀ ਹੈ?
ਮੈਂ ਘਰ ਦੀ ਸਰਦਲ ਤੇ ਬੈਠੀ
ਸੱਤ ਅਸਮਾਨ ਵੇਖ ਸਕਦੀ ਹਾਂ
ਸੂਰਜ ਖ਼ੁਦ ਮੈਨੂੰ ਪਛਾਣਦਾ ਹੈ
ਮੈਂ ਸਾਰੇ ਜਹਾਨ ਨੂੰ ਜਾਣਦੀ ਹਾਂ
ਜਹਾਨ ਕੀ,
ਮੈਂ ਅਗਲੇ ਜਹਾਨ ਨੂੰ ਵੀ ਜਾਣਦੀ ਹਾਂ
ਇਸ ਜਹਾਨ ਲਈ
ਮੇਰਾ ਇੱਕ ਸੁਪਨਾ ਵੀ ਹੈ
ਸੁੱਖ-ਸ਼ਾਂਤੀ, ਅਮਨ ਤੇ ਬਹੁਤ ਸਾਰਾ ਇਲਮ
ਮੇਰਾ ਤੇ ਉਹਨਾਂ ਸਾਰਿਆਂ ਦਾ ਸੁਪਨਾ
ਜੋ ਲਫ਼ਜ਼ ਦੀ ਲਾਟ ਦੇ ਨਾਲ
ਹਨ੍ਹੇਰੇ ਦਾ ਤੰਬੂ ਸਾੜ ਕੇ
ਸੂਰਜ ਨੂੰ ਵੀ ਆਪਣੇ ਵੱਲ ਕਰ ਸਕਣ।

## ਵਿਹਲੀ ਨਿਗਾਰੀ, ਸੱਗੀ ਵਿਚਾਰੀ

ਉਹਨੂੰ ਜੇ ਕੋਈ ਪੁੱਛੇ ਕਿ ਏਥੇ
ਸਾਰਾ ਦਿਨ ਤੂੰ ਕੀ ਕੀਤਾ?
ਸੱਗੀ ਆਖੇਗੀ, "ਕੁਝ ਨਹੀਂ ਬੀਬੀ
ਬੱਸ ਐਵੇਂ ਹੱਥ ਪੱਲਾ ਮਾਰਿਆ
ਅੱਜ ਆਟਾ ਨਹੀਂ ਸੀ ਘਰ ਵਿਚ
ਮੁੱਕੇ ਹੁਣ ਦਾਣੇ ਵੀ।
ਭੜੋਲਾ ਝਾੜਿਆ, ਮਿੱਟੀ ਪਰਤਾਈ
ਅਨਾਜ ਮੈਂ ਨਿੱਕੀ ਮੋਟਾ ਇਕੱਠਾ ਕੀਤਾ
ਕਣਕ ਛੋਲੇ, ਬਾਜਰਾ, ਹੋਣਗੇ
ਕੋਈ ਢਾਈ ਸੇਰ ਪੱਕੇ
ਬਸ ਓਹੋ ਦਾਣੇ ਮੈਂ ਛੱਟੇ, ਸੰਵਾਰੇ,
ਹੱਥ ਚੱਕੀ ਤੇ ਪੀਠੇ
ਆਟਾ ਗੁੰਨਿਆ ਗੰਢਾਲੋਂ ਰਲਾ ਕੇ
ਰੋਟੀਆਂ ਥੱਪ ਲਈਆਂ ਮਿੱਸੀਆਂ
ਛਾਹ-ਵੇਲਾ ਕਿੱਡਾ ਸਵਾਦੀ
ਟੱਬਰ ਸਾਰੇ ਨੂੰ ਪਰੋਸਿਆ
ਰੱਜ-ਰੱਜ ਖਾਧੀਆਂ ਲੱਸੀ ਨਾਲ ਰੋਟੀਆਂ
ਮਿੱਸੀਆਂ ਦੋ-ਦੋ, ਨਾਲੇ ਚੋਪੜੀਆਂ।

ਛੇਕੜ ਜੋ ਬਚਿਆ, ਰੁੱਖਾ ਸੁੱਖਾ ਛਾਬੇ ਵਿਚ
ਖੰਨਾ ਚੱਪਾ ਬੁਰਕੀ ਲੀਰਾਂ,
ਆਪੇ ਖਾਧਾ ਹੱਸ ਕੇ
ਮੁੜ ਨਲਕਾ ਗੇੜ ਕੇ ਪਾਣੀ ਕੱਢਿਆ
ਘੜੀਆਂ ਹੱਥ ਮੂੰਹ ਧੋਤੇ
ਘੜੇ, ਬਲੋਟੀਆਂ,
ਬਾਲਟੀਆਂ ਵੀ ਭਰ ਲਈਆਂ
ਭਾਂਡੇ ਟੋਕਰੇ ਸਾਰੇ ਕੱਠੇ ਚਾ ਕੀਤੇ
ਮਾਂਜੇ, ਧੋਤੇ, ਥਾਂ ਥਾਂ ਰੱਖੇ
ਚੁੱਲਾ ਝਲਿਆਣੀ ਪੋਚਾ ਕੀਤੇ
ਲੀੜੇ ਪੋਤੜੇ ਧੋ ਕੇ ਪਾਏ ਧੁੱਪੇ
ਦੁਪਹਿਰਾਂ ਹੋਈਆਂ,
ਕੰਧ ਕੋਠੇ ਦੀਆਂ ਸਾਰਾਂ ਲਈਆਂ
ਅੰਦਰ ਬਾਹਰ ਮਿੱਟੀ ਲਾਈ
ਖੱਪੇ ਮੇਲ ਕੇ ਤਲੀਆਂ ਵੱਤੀਆਂ
ਸਬਜ ਸਵਾਰ ਕੇ ਅੰਦਰ ਵਿਹੜਾ
ਅੰਦਰ ਮੰਜੇ ਡਾਹੇ
ਟੱਬਰ ਸਾਰੇ ਦੇ ਬਿਸਤਰੇ ਕੀਤੇ
ਸੱਸ ਹੋਰਾਂ ਦੀ ਸੇਵਾ ਵੱਖਰੀ ਵੱਖਰੀ
ਹੁੱਕਾ ਦੂਜੀ ਵਾਰੀ ਤਾਜ਼ਾ ਕੀਤਾ
ਤੀਜੀ ਵਾਰੀ ਭਰਿਆ
ਤੇਲ ਵੀ ਝੱਸਿਆ ਸਿਰ ਨੂੰ
ਪੈਰ ਵੀ ਘੁੱਟੇ ਸੱਸ ਦੇ
ਨਿੱਕੀ ਨਨਾਣ ਦੀ ਗੁੱਤ ਕਰਕੇ
ਛੇਕੜ ਵਿਹਲੀ ਹੋਈ
ਪਰ ਕਿੱਥੇ ਵਿਹਲੀ?
ਤਰਕਾਲਾਂ ਪਈਆਂ
ਘਰ ਵਾਲਾ ਘਰ ਨੂੰ ਆਇਆ
ਆਉਂਦਿਆਂ ਸਾਰ ਰੱਫੜ ਪਾਇਆ
ਲੜਿਆ, ਰੋਟੀ ਦਿੱਤੀ
ਜੁੱਤੀ ਪੂੰਝੀ, ਨਲਕਾ ਗੇੜ ਕੇ
ਮੂੰਹ ਹੱਥ ਧੁਆਇਆ
ਰੁੱਠੜਾ ਖੌਂਦ ਮਨਾਇਆ
ਪਰ ਸੁੱਖ ਦਾ ਸਾਹ ਫਿਰ ਨਾ ਆਇਆ
ਮੁੰਡਾ ਹੋਇਆ, ਅੰਬ ਨੂੰ
ਕਾਕੀ ਰੋਈ ਦੁੱਧ ਨੂੰ
ਸੱਗੀ ਨੇ ਗੁੜ ਦੇ ਬਾਲ ਪਰਚਾਇਆ
ਕਾਕੀ ਨੂੰ ਹਿੱਕ ਨਾਲ ਲਾਇਆ,
ਦੁੱਧ ਪਿਆਇਆ,
ਫਿਰ ਪਤਾ ਨਹੀਂ, ਕਿਸੇ ਵੇਲੇ ...
ਕਿਤੇ ਅੱਧੀ ਰਾਤੀਂ ਜਾਂ ਪਹਿਲਾਂ ਪਿੱਛੋਂ
ਸੁਰਗ ਦਾ ਝੂਟਾ ਦੇਂਦੀ
ਨੀਂਦਰ ਸਹੇਲੀ ਉੱਤਰੀ ਵਿਹੜੇ
ਥੱਕੀ ਹਾਰੀ ਜ਼ਨਾਨੀ ਨੂੰ
ਘੁੱਟ ਕੇ ਉਸ ਜੱਫੀ ਜਾ ਪਾਈ
ਬੇਸੁੱਧ ਸੁੱਤੀ, ਝਗੜੇ ਝੇੜੇ ਭੁੱਲੀ
ਪਰ ਕੀ ਸੁੱਤੀ ਔਗੁਣਹਾਰੀ
ਚਹੁੰ ਘੜੀਆਂ ਪਿੱਛੋਂ ਤੜਕਾ ਹੋਇਆ
ਕੁੱਕੜ ਬੋਲਿਆ ਉੱਚੀ ਸਾਰੀ
ਸੱਸ ਨੇ ਆਣ ਹਲੂਣਾ ਦਿੱਤਾ
ਉੱਠ ਜਾਗ ਨੀ ਕੁੜੀਏ
ਕੱਖ ਭੰਨ ਕੇ ਦੋਹਰਾ ਕਰ ਲਈਏ
ਵਿਹਲੀਏ ਨੂੰਹ ਅੜੀਏ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 638ਵਾਂ ਗੁਰਪੁਰਬ ਦਿਹਾੜਾ

ਦੌਰਾਨ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਤੇ ਉਹਨਾਂ ਦੇ ਜਥੇ ਨੇ ਗੁਰਬਾਣੀ ਸ਼ਬਦ ਗਾਇਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਭਾਈ ਸਾਹਿਬ ਭਾਈ ਸਰਬਜੀਤ ਸਿੰਘ ਜੀ ਫਰੀਮਾਂਟ ਵਾਲਿਆਂ ਦੇ ਢਾਡੀ ਜਥੇ ਨੇ ਸਤਿਗੁਰੂ ਰਵਿਦਾਸ ਜੀ ਤੇ ਹੋਰਨਾਂ ਗੁਰੂ ਸਾਹਿਬਾਨ ਸਬੰਧਤ ਧਾਰਮਿਕ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਹਨਾਂ ਤੋਂ ਇਲਾਵਾ ਬੀਬੀ ਰੌਸ਼ਨੀ ਚੋਪੜਾ ਜੀ ਅਤੇ ਬਾਬੂ ਜੀਤ ਰਾਮ ਜੀ ਨੇ ਗੁਰੂ ਜੀ ਨਾਲ ਸਬੰਧਤ ਧਾਰਮਿਕ ਗੀਤ, ਕਵਿਤਾਵਾਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ। ਅੱਜ ਦੇ ਇਸ ਵਿਸ਼ੇਸ਼ ਸਮਾਗਮ ਮੌਕੇ ਜਿਹਨਾਂ ਬੁਲਾਰਿਆਂ ਨੇ ਸਤਿਗੁਰੂ ਰਵਿਦਾਸ ਜੀ ਦੀ ਗੁਰਪੁਰਬ ਦਿਹਾੜੇ ਵਧਾਈਆਂ ਅਤੇ ਆਪੋ ਆਪਣੇ ਵਿਚਾਰਾਂ ਨਾਲ ਸਾਂਝ ਪਾਈ, ਉਹਨਾਂ ਵਿਚ ਡਾ. ਹਰਮੇਸ਼ ਕੁਮਾਰ ਤੋਂ ਇਲਾਵਾ ਸਰਵ ਸ਼੍ਰੀ ਸੁਖਰਾਜ ਚੋਪੜਾ ਜੀ, ਕੇਵਲ ਸਿੰਘ, ਕਰਮ ਸਿੰਘ ਬੰਗੜ, ਦਸ਼ਵਿੰਦਰ ਪਾਲ, ਮੱਖਣ ਲੁਹਾਰ, ਪ੍ਰੇਮ ਕੁਮਾਰ ਚੁੰਬਰ ਅਤੇ ਰਮੇਸ਼ ਬੰਗੜ ਆਦਿ ਦੇ ਨਾਂ ਵਰਣਨਯੋਗ ਹਨ। ਇਹਨਾਂ ਤੋਂ ਇਲਾਵਾ ਟਰੀਸਾ ਕੌਕਸ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਸ਼ੁਭ ਅਵਸਰ ਤੇ ਭਾਰੀ ਗਿਣਤੀ 'ਚ ਦੂਰੋਂ ਨੇੜਿਉਂ ਸੰਗਤਾਂ ਨੇ ਗੁਰੂ ਘਰ ਦੀ ਨਵੀਂ ਬਿਲਡਿੰਗ 'ਚ ਗੁਰਪੁਰਬ ਦਿਹਾੜੇ ਤੇ ਹਾਜ਼ਰੀਆਂ ਲਗਵਾ ਕੇ ਖੁਸ਼ੀਆਂ ਪ੍ਰਾਪਤ ਕੀਤੀਆਂ ਤੇ ਸਮੂਹ ਸੰਗਤਾਂ ਤੇ ਪ੍ਰਬੰਧਕ ਕਮੇਟੀ ਮੈਂਬਰਾਂ (ਹਰਮੇਸ਼ ਲਾਲ ਮਦਾਰਾ (ਚੇਅਰਮੈਨ), ਵਿਨੋਦ ਕੁਮਾਰ ਚੁੰਬਰ (ਵਾਈਸ ਚੇਅਰਮੈਨ), (ਜਨਰਲ ਸਕੱਤਰ) ਸੰਤੋਖ ਸਿੰਘ ਸਰੋਇਆ, (ਖਜਾਨਚੀ) ਸ਼ਿਵ ਸਿੱਧੂ, ਰਾਜਿੰਦਰ ਝੱਮਟ, ਕੇਵਲ ਸਿੰਘ, ਅਜਾਇਬ ਸਿੰਘ, ਸੋਹਨ ਲਾਲ, ਮਹਿੰਦਰ ਸਿੰਘ ਮਾਹੀ (ਪ੍ਰਧਾਨ) ਜੋ ਕਿ ਇੰਡੀਆ ਗਏ ਹੋਏ ਹਨ, ਨੇ ਵੀ ਕਮੇਟੀ ਮੈਂਬਰਾਂ ਅਤੇ ਸਮੂਹ ਸਾਧ ਸੰਗਤ ਨੂੰ ਵਧਾਈਆਂ ਭੇਜੀਆਂ।) ਨੇ ਇਕ ਦੂਸਰੇ ਨੂੰ ਗੁਰਪੁਰਬ ਅਤੇ ਨਵੀਂ ਬਿਲਡਿੰਗ ਪ੍ਰਾਪਰਟੀ ਲਈ ਵਧਾਈਆਂ ਦਿੱਤੀਆਂ। ਜਿਨ੍ਹਾਂ-ਜਿਨ੍ਹਾਂ ਪਰਿਵਾਰਾਂ ਨੇ ਲੰਗਰ ਦੀ ਸੇਵਾ ਕੀਤੀ, ਸ੍ਰੀ ਰਾਮ ਲੁਭਾਇਆ (ਚਾਟ ਭਵਨ ਵਾਲੇ), ਆਈਸ ਕ੍ਰੀਮ, ਫਲ-ਫਰੂਟ, ਮੱਕੀ ਦੀ ਰੋਟੀ, ਸਰ੍ਹੋਂ ਦੇ ਸਾਗ ਨਾਲ ਅਤੇ ਕੋਲਡ ਡਰਿੰਕਸ ਲਈ ਸਟੇਜ ਦੀ ਸੇਵਾ ਨਿਭਾਅ ਰਹੇ ਵਾਈਸ ਚੇਅਰਮੈਨ ਸ੍ਰੀ ਵਿਨੋਦ ਚੁੰਬਰ ਨੇ ਸਭ ਦਾ ਧੰਨਵਾਦ ਕੀਤਾ। ਅੱਜ ਦੇ ਇਸ ਸ਼ੁਭ ਮੌਕੇ ਤੇ ਸ੍ਰੀ ਸਤੀਸ਼ ਕੁਮਾਰ ਦਦਰਾਲ ਅਤੇ ਸ੍ਰੀਮਤੀ ਰਾਜਿੰਦਰ ਕੌਰ ਦਦਰਾਲ 5100 ਡਾਲਰ ਦੇ ਕੇ ਸਭਾ ਦੇ ਨਵੇਂ ਮੈਂਬਰ ਬਣਨ ਤੇ ਸਭਾ ਨੇ ਉਹਨਾਂ ਨੂੰ ਹਾਰਦਿਕ ਵਧਾਈ ਦਿੱਤੀ।

ਉਹਨਾਂ ਸਮੂਹ ਸੰਗਤ ਤੇ ਸਮੂਹ ਸ੍ਰੀ ਗੁਰੂ ਰਵਿਦਾਸ ਸਭਾਵਾਂ ਦਾ ਤੇ ਮੀਡੀਆ ਦਾ ਕੋਟਿਨ-ਕੋਟਿ ਧੰਨਵਾਦ ਕੀਤਾ, ਜਿਹਨਾਂ ਜਿਹਨਾਂ ਨੇ ਇਸ ਸ਼ੁਭ ਦਿਹਾੜੇ ਮੌਕੇ ਹਾਜ਼ਰੀਆਂ ਭਰੀਆਂ। ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸਾਰੀਆਂ ਗੁਰੂ ਘਰ ਦੀਆਂ ਕਮੇਟੀਆਂ ਦਾ ਅਤੇ ਮੀਡੀਏ ਤੌਰ ਤੇ 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੂੰ ਪੰਦਰਵਾੜਾ ਤੋਂ ਹਫਤਾਵਾਰੀ ਕਰਨ 'ਤੇ ਸਮੇਤ ਉੱਘੇ ਸਮਾਜ ਸੇਵਕ ਸ੍ਰੀਮਾਨ ਸੁਖਰਾਜ ਸਿੰਘ ਚੋਪੜਾ ਜੀ ਦਾ ਵਿਸ਼ੇਸ਼ ਸਨਮਾਨ ਕੀਤਾ।

# ਰਾਮਗੜੀਆ ਕਾਲਜ ਵਿਖੇ ਅਲਫਾ ਗਲੋਬਲ ਇੰਟਰ-ਪ੍ਰਾਈਜ਼ਜ਼ ਵੱਲੋ ਵੇਟ ਲਿਫਟਿੰਗ ਮੁਕਾਬਲੇ ਕਰਵਾਏ ਗਏ

## ਪੰਜਾਬ ਦੇ ਵੱਖ ਵੱਖ ਜ਼ਿਲਿਆ ਤੋਂ ਇਲਾਵਾ ਹਰਿਆਣਾ ਅਤੇ ਕਨੇਡਾ ਤੋਂ ਲੜਕੀਆ ਨੇ ਹਿੱਸਾ ਲਿਆ

**ਫਗਵਾੜਾ (ਰੱਤੂ)-** ਰਾਮਗੜੀਆ ਕਾਲਜ਼ ਸਤਨਾਮਪੁਰਾ ਫਗਵਾੜਾ ਵਿਖੇ ਅਲਫਾ ਗਲੋਬਲ ਇੰਟਰਪ੍ਰਾਈਜ਼ਜ਼ ਵੱਲੋਂ ਸ. ਬ੍ਰਿਸ਼ਪਾਲ ਸਿੰਘ ਭੋਗਲ ਦੀ ਯਾਦ ਵਿੱਚ ਰਾਮਗੜੀਆ ਐਜੂਕੇਸ਼ਨਲ ਟਰੱਸਟ ਦੇ ਚੇਅਰਮੈਨ ਸ. ਭਰਪੂਰ ਸਿੰਘ ਭੋਗਲ ਦੀ ਅਗਵਾਈ ਵਿੱਚ ਲੜਕੀਆ ਦੇ ਇੰਟਰਨੈਸ਼ਨਲ ਓਪਨ ਵੇਟ ਲਿਫਟਿੰਗ ਮੁਕਾਬਲੇ ਕਰਵਾਏ ਗਏ ਜਿਹਨਾਂ ਦਾ ਉਦਘਾਟਨ ਸ. ਭਰਪੂਰ ਸਿੰਘ ਭੋਗਲ ਨੇ ਰਿਬਨ ਕੱਟਕੇ ਅਤੇ ਸ਼ਮਾਂ ਰੋਸ਼ਨ ਕਰਕੇ ਕੀਤਾ। ਇਹਨਾਂ ਮੁਕਾਬਲਿਆ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲਿਆ ਤੋਂ ਇਲਾਵਾ ਹਰਿਆਣਾ ਅਤੇ ਕਨੇਡਾ ਤੋਂ ਲੜਕੀਆ ਨੇ ਹਿੱਸਾ ਲਿਆ।

ਇਹਨਾਂ ਮੁਕਾਬਲਿਆ ਵਿੱਚੋਂ ਵਧੀਆ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੀਆ ਲੜਕੀਆ ਨੂੰ ਨਗਦ ਇਨਾਮ, ਮੈਡਲ ਅਤੇ ਟਰੈਕ ਸੂਟ ਦੇ ਕੇ ਸਨਮਾਨਿਤ ਕੀਤਾ ਗਿਆ ਜਦਕਿ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਟਰੈਕ ਸੂਟ ਦੇ ਕੇ ਸਨਮਾਨਿਤ ਕੀਤਾ ਗਿਆ।ਸ. ਭਰਪੂਰ ਸਿੰਘ ਭੋਗਲ ਨੇ ਕਿਹਾ ਕਿ ਵੇਟ ਲਿਫਟਿੰਗ ਮੁਕਾਬਲੇ ਕਰਵਾਉਣ ਦਾ ਮਕਸਦ ਲੜਕੀਆ ਨੂੰ ਵੀ ਖੇਡਾਂ ਵੱਲ ਉਤਸ਼ਾਹਿਤ ਕਰਨਾ ਹੈ ਤਾਂ ਜੋ ਉਹ ਖੇਡਾਂ ਵਿੱਚ ਹਿੱਸਾ ਲੈ ਕੇ ਆਪਣੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕਰ ਸਕਣ।



ਮੁਕਾਬਲੇ ਕਰਵਾਉਣ ਸਮੇਂ ਆਰ.ਈ.ਸੀ, ਦੀ ਡਾਇਰੈਕਟਰ ਮੈਡਮ ਵਿਯੋਮਾ ਭੋਗਲ ਢੱਟ, ਅਲਫਾ ਗਲੋਬਲ ਇੰਟਰਪ੍ਰਾਈਜ਼ਜ਼ ਦੇ ਐੱਮ.ਡੀ ਗਗਨਦੀਪ ਸਿੰਘ ਢੱਟ, ਪ੍ਰਿੰਸੀਪਲ ਮੈਡਮ ਮਨਪ੍ਰੀਤ ਕੌਰ ਭੋਗਲ, ਹਾਕੀ ਦੀ ਏਸ਼ੀਅਨ ਗੋਲਡ ਮੈਡਲਿਸਟ ਸ਼ਰਨਜੀਤ ਕੌਰ, ਵੇਟ ਲਿਫਟਰ ਹਰਦੀਪ ਸਿੰਘ ਮਾਨ ਅਤੇ ਡਾ. ਮਨਜੀਤ ਸਿੰਘ ਤੋਂ ਇਲਾਵਾ ਵੱਖ ਵੱਖ ਕਾਲਜ਼ਾਂ ਦੇ ਪ੍ਰਿੰਸੀਪਲ ਅਤੇ ਸਟਾਫ ਮੈਂਬਰ ਮੌਜੂਦ ਸਨ।

# ਹਾੜ੍ਹੀ ਵੇਚਣ ਲਈ ਪੰਜਾਬ ਤੇ ਹਰਿਆਣਾ ਦੇ ਕਿਸਾਨ ਕੱਢਣਗੇ ਹਾੜ੍ਹੇ

**ਹਿਸਾਰ-** ਭਾਰਤੀ ਖੁਰਾਕ ਨਿਗਮ (ਐਫ ਸੀ ਆਈ) ਨੇ ਸਾਲ 2015-16 ਦੇ ਹਾੜ੍ਹੀ ਸੀਜ਼ਨ ਦੌਰਾਨ ਹਰਿਆਣਾ ਵਿੱਚੋਂ ਕਣਕ ਦੀ ਖਰੀਦ ਨਾ ਕਰਨ ਦਾ ਫੈਸਲਾ ਕੀਤਾ ਹੈ। ਇਸੇ ਨਾਲ ਨਿਗਮ ਵੱਲੋਂ ਪੰਜਾਬ ਵਿੱਚੋਂ ਆਪਣੀ ਖਰੀਦ ਅੱਧੀ ਕਰਨ ਦਾ ਐਲਾਨ ਕੀਤਾ ਹੈ। ਐਫ ਸੀ ਆਈ ਦੇ ਜਨਰਲ ਮੈਨੇਜਰ (ਖਰੀਦ) ਕੇ.ਕੇ. ਧਾਲੀਵਾਲ ਵੱਲੋਂ ਪੰਚਕੂਲਾ ਸਥਿਤ ਆਪਣੇ ਜਨਰਲ ਮੈਨੇਜਰ (ਉੱਤਰੀ) ਨੂੰ ਭੇਜੇ ਪੱਤਰ ਵਿੱਚ ਕਿਹਾ ਗਿਆ ਹੈ ਕਿ ਨਿਗਮ ਆਉਂਦੇ ਹਾੜ੍ਹੀ ਸੀਜ਼ਨ ਦੌਰਾਨ ਹਰਿਆਣਾ ਵਿੱਚ ਕੋਈ ਵੀ ਖਰੀਦ ਕੇਂਦਰ ਨਹੀਂ ਖੋਲ੍ਹੇਗਾ ਤੇ ਸਾਰੀ ਖਰੀਦ ਰਾਜ ਸਰਕਾਰ ਤੇ ਉਸ ਦੀਆਂ ਏਜੰਸੀਆਂ ਕਰਨਗੀਆਂ। ਪੱਤਰ ਵਿੱਚ ਇਹ ਵੀ ਦਰਜ ਹੈ ਕਿ ਨਿਗਮ ਪੰਜਾਬ ਵਿੱਚ ਆਪਣੇ ਖਰੀਦ ਕੇਂਦਰਾਂ ਦੀ ਗਿਣਤੀ ਅੱਧੀ ਰੱਖੇਗਾ। ਇਸ ਪੱਤਰ ਵਿੱਚ ਦਰਜ ਹੈ ਕਿ ਉੱਚ ਪੱਧਰੀ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਸਿਫਾਰਸ਼ ਕੀਤੀ ਹੈ ਕਿ ਕਣਕ ਤੇ ਝੋਨੇ ਦੀ ਖਰੀਦ ਦਾ ਕੰਮ ਸਮੁੱਚੇ ਤੌਰ 'ਤੇ ਪੰਜਾਬ, ਹਰਿਆਣਾ, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਮੱਧ ਪ੍ਰਦੇਸ਼ ਤੇ ਉੜੀਸਾ ਨੂੰ ਸੌਂਪ ਦੇਣਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਸੂਬਿਆਂ ਕੋਲ ਇਸ ਦਾ ਪੂਰਾ ਤਜਰਬਾ ਤੇ ਬੁਨਿਆਦੀ ਢਾਂਚਾ ਹੈ।

ਕੇਂਦਰ ਨੇ ਉੱਚ ਪੱਧਰੀ ਕਮੇਟੀ ਭਾਜਪਾ ਨੇਤਾ ਸ਼ਾਂਤਾ ਕੁਮਾਰ ਦੀ ਅਗਵਾਈ ਵਿੱਚ ਬਣਾਈ ਸੀ। ਇਸ ਵਿੱਚ ਛੇ ਮੈਂਬਰ ਤੇ ਇਕ ਵਿਸ਼ੇਸ਼ ਇਨਵਾਇਟੀ ਸੀ। ਇਸ ਕਮੇਟੀ ਨੇ ਐਫਸੀਆਈ ਦੇ ਕੰਮਕਾਜ ਵਿੱਚ ਕੁਸ਼ਲਤਾ ਲਿਆਉਣ ਤੇ ਇਸ ਦੇ ਵਿੱਤੀ ਪ੍ਰਬੰਧ ਵਿੱਚ ਸੁਧਾਰ ਲਿਆਉਣ ਲਈ ਇਸ ਦੇ ਪੁਨਰਗਠਨ ਦੀ ਸਿਫਾਰਸ਼ ਕੀਤੀ ਸੀ। ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਐਫਸੀਆਈ ਰਾਜਾਂ ਤੋਂ ਸਿਰਫ਼ ਵਾਧੂ ਅਨਾਜ ਖਰੀਦੇਗਾ ਤੇ ਉਸ ਨੂੰ ਅੱਗੇ ਉਨ੍ਹਾਂ ਰਾਜਾਂ 'ਚ ਭੇਜੇਗਾ ਜਿੱਥੇ ਪੈਦਾਵਾਰ ਘੱਟ ਹੈ। ਕਮੇਟੀ ਨੇ ਕਿਹਾ ਕਿ ਐਫਸੀਆਈ ਨੂੰ ਉਨ੍ਹਾਂ ਰਾਜਾਂ 'ਚ ਜਾਣਾ ਚਾਹੀਦਾ ਹੈ ਜਿੱਥੋਂ ਦੇ ਕਿਸਾਨਾਂ ਨੂੰ ਫਸਲ ਦਾ ਘੱਟੋ-ਘੱਟ ਸਮਰਥਨ ਮੁੱਲ ਨਹੀਂ ਮਿਲਦਾ ਤੇ ਸ਼ਾਹੂਕਾਰ ਕਿਸਾਨਾਂ ਨੂੰ ਰਗੜਾ ਲਗਾ ਰਹੇ ਹਨ। ਅਜਿਹੇ ਰਾਜਾਂ ਵਿੱਚ ਪੂਰਬੀ ਉੱਤਰ ਪ੍ਰਦੇਸ਼,ਬਿਹਾਰ, ਪੱਛਮੀ ਬੰਗਾਲ ਤੇ ਅਸਾਮ ਸ਼ਾਮਲ ਹਨ।

ਇਹ ਉਹ ਰਾਜ ਹਨ ਜਿੱਥੇ ਸਰਕਾਰ ਦੂਜੀ ਹਰੀ ਕ੍ਰਾਂਤੀ ਲਿਆਉਣ ਦੀਆਂ ਸੰਭਾਵਨਾਵਾਂ ਲੱਭ ਰਹੀ ਹੈ। ਦੂਜੇ ਪਾਸੇ ਐਫ ਸੀ ਆਈ ਦੇ ਇਸ ਫੈਸਲੇ ਕਾਰਨ ਆਉਂਦੇ ਹਾੜ੍ਹੀ ਸੀਜ਼ਨ ਦੌਰਾਨ ਮੁਸ਼ਕਲਾਂ ਖੜ੍ਹੀਆਂ ਹੋ ਜਾਣਗੀਆਂ ਕਿਉਂਕਿ ਸਰਕਾਰੀ ਏਜੰਸੀਆਂ ਕੋਲ ਅਨਾਜ ਦੀ ਖਰੀਦ ਸਬੰਧੀ ਬੁਨਿਆਦੀ ਢਾਂਚੇ ਤੇ ਸਹੂਲਤਾਂ ਦੀ ਘਾਟ ਹੈ।

# ਭੂਮੀ ਗ੍ਰਹਿਣ ਐਕਟ ਵਿਰੁੱਧ ਕੁਝ ਹੋਰ ਸਹਿਯੋਗੀ ਨਿੱਤਰੇ

**ਨਵੀਂ ਦਿੱਲੀ-** ਭੌਂ ਪ੍ਰਾਪਤੀ ਬਿੱਲ 'ਤੇ ਵਿਰੋਧੀ ਧਿਰ ਦੇ ਤਿੱਖੇ ਹਮਲੇ ਦਾ ਸਾਹਮਣਾ ਕਰ ਰਹੀ ਸਰਕਾਰ ਨੇ ਅੱਜ ਕਿਹਾ ਕਿ ਉਹ ਵਿਰੋਧੀ ਧਿਰ ਦੇ ਸੁਝਾਵਾਂ 'ਤੇ ਗੌਰ ਕਰਨ ਅਤੇ ਕਿਸਾਨਾਂ ਨਾਲ ਕਿਸੇ ਵੀ ਤਰ੍ਹਾਂ ਦੀ ਵਧੀਕੀ ਹੋਣ ਤੋਂ ਰੋਕਣ ਲਈ ਇਕ ਕਦਮ ਵਧਾਉਣ ਲਈ ਤਿਆਰ ਹੈ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਐਮ ਵੈਂਕਈਆ ਨਾਇਡੂ ਨੇ ਲੋਕ ਸਭਾ ਵਿੱਚ ਆਖਿਆ ਕਿ ਇਹ ਆਰਡੀਨੈਂਸ 'ਤੱਦੀ ਕਰਕੇ' ਲਿਆਂਦਾ ਗਿਆ ਸੀ ਅਤੇ ਅਰਥਚਾਰੇ ਨੂੰ ਨਵਾਂ ਹੁਲਾਰਾ ਦੇਣ ਲਈ ਅਜਿਹਾ ਕਰਨਾ ਜ਼ਰੂਰੀ ਹੋ ਗਿਆ ਸੀ।

ਇਸ ਦੌਰਾਨ ਕਾਂਗਰਸ, ਸੀਪੀਆਈ (ਐਮ), ਤ੍ਰਿਣਮੂਲ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਨਾਅਰੇ ਮਾਰਦੇ ਹੋਏ ਸਦਨ 'ਚੋਂ ਵਾਕਆਊਟ ਕਰ ਗਏ। ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਗੇ ਨੇ ਦੋਸ਼ ਲਾਇਆ ਕਿ ਸੱਤਾ ਧਿਰ ਵਿਰੋਧੀ ਪਾਰਟੀਆਂ ਦਾ ਅਪਮਾਨ ਕਰ ਰਹੀ ਹੈ।

## ਪ੍ਰਸੰਨਤਾ, ਵਿਸ਼ਵਾਸ, ਗੁਲਾਮੀ

ਜਦੋਂ ਕੋਈ ਕਿਸੇ ਦੀ ਗੁਲਾਮੀ ਕਬੂਲ ਕਰ ਲੈਂਦਾ ਹੈ ਤਾਂ ਉਸਦੀ ਅੱਧੀ ਯੋਗਤਾ ਤਾਂ ਉਦੋਂ ਹੀ ਖਤਮ ਹੋ ਜਾਂਦੀ ਹੈ।

-ਫੇਨਤਵਲ

ਧਨ ਵਿਚ ਵਿਸ਼ਵਾਸ ਨਾ ਰੱਖੋ, ਵਿਸ਼ਵਾਸ ਵਿਚ ਸਾਰਾ ਧਨ ਲਗਾ ਦਿਓ।

- ਹੋਲਮਸ

ਤਿਆਗ ਵਿਚ ਹੀ ਪ੍ਰਸੰਨਤਾ ਹੈ, ਬਾਕੀ ਸਭ ਤਾਂ ਗਮ ਦਾ ਸਮਾਨ ਹੀ ਹੈ।

-ਉਮਰ ਖਿਆਮ

ਉਚੇ ਉਦੇਸ਼ ਵਾਲੇ ਬੰਦੇ ਨੂੰ ਆਰਾਮ ਤਲਬੀ ਤੇ ਲੋਕਪ੍ਰਿਅਤਾ ਤੋਂ ਬਚਣਾ ਚਾਹੀਦਾ ਹੈ।

- ਐਮਰਸਨ

ਉਧਾਰ ਉਹ ਪ੍ਰਾਹੁਣਾ ਹੈ, ਜੋ ਇਕ ਵਾਰੀ ਆ ਕੇ ਜਾਣ ਦਾ ਨਾਮ ਹੀ ਨਹੀਂ ਲੈਂਦਾ।

- ਮੁਨਸ਼ੀ ਪ੍ਰੇਮ ਚੰਦ

ਉਹ ਆਦਮੀ ਹੀ ਸੱਚਾ ਅਹਿਸਾਨ ਕਰਦਾ ਹੈ, ਜੋ ਅਹਿਸਾਨ ਕਰਕੇ ਭੁੱਲ ਜਾਂਦਾ ਹੈ। -ਜਾਨਸਨ

ਆਦਮੀ ਉਦੋਂ ਬਦ ਬਣ ਜਾਂਦਾ ਹੈ ਜਦੋਂ ਉਹ ਸਾਧੂ ਹੋਣ ਦਾ ਢੌਂਗ ਕਰਦਾ ਹੈ।

- ਬੇਕਨ

ਰਾਜਨੀਤਿਕ ਸੁਤੰਤਰਤਾ ਭੁੱਖੀ ਜਨਤਾ ਨੂੰ ਸੰਤੁਸ਼ਟ ਨਹੀਂ ਕਰ ਸਕਦੀ।

- ਵੀ ਆਈ ਲੈਨਿਨ

ਕਿਸੇ ਹੋਰ ਨੂੰ ਆਪਣੇ ਕਰਮਾਂ ਦਾ ਦੋਸ਼ ਨਾ ਦੇਵੋ, ਤੁਸੀਂ ਆਪਣੇ ਕਰਮਾਂ ਦੇ ਆਪ ਜ਼ਿੰਮੇਵਾਰ ਹੋ।

- ਗੁਰੂ ਨਾਨਕ ਦੇਵ ਜੀ

## ਵਿਦਵਾਨਾਂ ਦੇ ਮਹਾਨ ਵਿਚਾਰ/ ਅਮਰਜੀਤ ਢਿੱਲੋਂ ਦਬੜ੍ਹੀਖਾਨਾ



ਕੋਈ ਆਦਮੀ ਸਾਰੀਆਂ ਗੱਲਾਂ ਛੁਪਾ ਸਕਦਾ ਹੈ ਪਰ ਦੋ ਨਹੀਂ, ਇਕ ਮਦਿਰਾਪਾਨ ਦੂਜਾ ਇਸ਼ਕ।

-ਐਂਟੀ ਫੇਨੀਸ

ਜੇਕਰ ਹਰ ਮਨੁੱਖ ਪਹਿਲਾਂ ਆਪਣੇ ਸੁਧਾਰ ਲਈ ਤੁਰ ਪਵੇ ਤਾਂ ਸਾਰਾ ਸੰਸਾਰ ਹੀ ਸੁਧਰ ਜਾਵੇਗਾ।

- ਬਰਾਊਨ

ਗਿਆਨ ਤੋਂ ਬਿਨਾਂ ਪਰਜਾ ਅੰਨੀ ਹੈ, ਜਿਵੇਂ ਮੁਰਦੇ ਦੇ ਸਿਰ ਵਿਚ ਤੂੜੀ ਭਰੀ ਹੋਵੇ।

- ਗੁਰੂ ਨਾਨਕ ਦੇਵ ਜੀ

ਸ਼ਾਇਦ ਕੋਈ ਵੀ ਕਵੀ ਨਾ ਹੋ ਸਕਦਾ, ਨਾ ਹੀ ਕਵਿਤਾ ਦਾ ਸਵਾਦ ਲੈ ਸਕਦਾ ਜੇ ਵਿਚਾਰ ਪ੍ਰਵਾਹ ਵਿਚ ਕੁਝ ਕੁਝ ਪਾਗਲਪਣ ਨਾ ਹੁੰਦਾ।

-ਮੈਕਾਲੇ

ਅਣਸੱਦੇ ਪ੍ਰਾਹੁਣੇ ਉਦੋਂ ਹੀ ਚੰਗੇ ਲੱਗਦੇ ਹਨ ਜਦੋਂ ਉਹ ਚਲੇ ਜਾਣ।

- ਸ਼ੈਕਸਪੀਅਰ

ਜੇ ਤੁਸੀਂ ਚਾਹੁੰਦੇ ਹੋ ਕਿ ਲੋਕ ਮਰਨ ਤੋਂ ਬਾਅਦ ਤੁਹਾਨੂੰ ਯਾਦ ਕਰਨ ਤਾਂ ਕੋਈ ਦਿਲਚਸਪ ਕਿਤਾਬ ਲਿਖ ਜਾਓ ਜਾਂ ਕੋਈ ਹੋਰ ਚੰਗਾ ਕਾਰਨਾਮਾ ਕਰ ਜਾਓ।

- ਫਰੈਂਕਲਿਨ

ਕੰਜੂਸ ਦੀ ਧਰਤੀ 'ਚ ਦੱਬੀ ਦੌਲਤ ਉਦੋਂ ਹੀ ਕੰਮ ਆਉਂਦੀ ਹੈ, ਜਦ ਉਹ ਆਪ ਧਰਤੀ 'ਚ ਦੱਬਿਆ ਜਾਵੇ।

- ਸ਼ੇਖ ਸਾਅਦੀ




# ਪਰਿਵਾਰਕ ਪ੍ਰਯੋਗਸ਼ਾਲਾ ’ਚ ਬੱਚਿਆਂ ਦਾ ਵਿਕਾਸ



ਪ੍ਰੋ: ਐਚ ਐਲ ਕਪੂਰ
916- 587-4002

**ਹਰ** ਬੱਚਾ ਆਪਣੇ ਜੀਵਨ ’ਚ ਅੱਗੇ ਜਾ ਕੇ ਵੱਡੀ ਤੋਂ ਵੱਡੀ ਸਫਲਤਾ ਪ੍ਰਾਪਤ ਕਰ ਸਕਦਾ ਹੈ। ਇਸ ਲਈ ਉਸ ਦੇ ਮਾਤਾ-ਪਿਤਾ ਨੂੰ ਉਸ ਦਾ ਸਰਬ-ਪੱਖੀ ਵਿਕਾਸ ਕਰਨ ਲਈ ਆਪਣਾ ਫਰਜ਼ ਨਿਭਾਉਣਾ ਪਵੇਗਾ। ਕੋਈ ਵੀ ਬੱਚਾ ਜਨਮ ਤੋਂ ਹੀ ਮਹਾਂਪੁਰਸ਼ ਨਹੀਂ ਹੁੰਦਾ ਅਤੇ ਨਾ ਹੀ ਉਹ ਜਨਮ ਤੋਂ ਅਸਫਲ ਮਨੁੱਖ ਹੁੰਦਾ ਹੈ। ਇਹ ਦੋਵੇਂ ਸਥਿਤੀਆਂ ਉਸ ਨੀਂਹ ਤੇ ਆਧਾਰਿਤ ਹੁੰਦੀਆਂ ਹਨ ਜੋ ਬਚਪਨ ਵਿਚ ਹੀ ਉਸ ਦੇ ਮਾਤਾ6ਪਿਤਾ ਨੇ ਰੱਖੀਆਂ ਹੁੰਦੀਆਂ ਹਨ।

ਬੱਚੇ ਦੇ ਸਰਬ-ਪੱਖੀ ਵਿਕਾਸ ਨਾ ਕਰ ਸਕਣ ਦਾ ਵੱਡਾ ਕਾਰਨ ਇਹ ਹੁੰਦਾ ਹੈ ਕਿ ਉਸ ਦੇ ਮਾਤਾ-ਪਿਤਾ ਆਪ ਖੁਦ ਇਸ ਦੇ ਗਿਆਨ ਤੋਂ ਖਾਲੀ ਹੁੰਦੇ ਹਨ ਕਿ ਉਹ ਬੱਚੇ ਦਾ ਵਿਕਾਸ ਕਿਸ ਤਰ੍ਹਾਂ ਕਰਨ? ਬੱਚੇ ਦੇ ਸਰਬ-ਪੱਖੀ ਵਿਅਕਤਿਤਵ ਦਾ ਵਿਕਾਸ ਕਰਨ ਲਈ ਉਚਿਤ ਵਾਤਾਵਰਣ ਤੇ ਜ਼ਰੂਰੀ ਪ੍ਰਸਥਿਤੀਆਂ ਪੈਦਾ ਕਰਨਾ, ਇਹ ਮਾਤਾ-ਪਿਤਾ ਦਾ ਸਰਵਉਤਮ ਫਰਜ਼ ਬਣ ਜਾਂਦਾ ਹੈ। ਬੱਚਾ ਸਭ ਤੋਂ ਪਹਿਲਾਂ ਘਰ ਦੇ ਵਾਤਾਵਰਣ ਤੋਂ ਹੀ ਪ੍ਰਭਾਵਿਤ ਹੁੰਦਾ ਹੈ। ’ਘਰ ਉਸ ਦੀ ਪਹਿਲੀ ਪਾਠਸ਼ਾਲਾ ਹੈ ਤੇ ਮਾਤਾ-ਪਿਤਾ ਉਸ ਦੇ ਪਹਿਲੇ ਗੁਰੂ ਹੁੰਦੇ ਹਨ। ਮਾਤਾ-ਪਿਤਾ ਦੇ ਜੀਵਨ ਦਾ ਬੱਚੇ ਦੇ ਵਿਕਾਸ ’ਤੇ ਬਹੁਤ ਪ੍ਰਭਾਵ ਪੈਂਦਾ ਹੈ। ਬੱਚੇ ਨੂੰ ਸਮਾਜ ਦਾ ਉੱਤਮ ਨਾਗਰਿਕ ਬਣਾਉਣ ਲਈ, ਮਾਤਾ-ਪਿਤਾ ਨੂੰ ਖੁਦ ਉੱਤਮ ਮਾਤਾ-ਪਿਤਾ ਬਣਨਾ ਹੋਵੇਗਾ। ਇਕ ਆਦਰਸ਼ ਮਾਤਾ-ਪਿਤਾ ਬਣਨ ਲਈ ਕੁਝ ਨਿਮਨ-ਲਿਖਤ ਨੁਕਤਿਆਂ ਨੂੰ ਧਿਆਨ ਵਿਚ ਰੱਖਣ ਲਈ ਸੁਝਾਅ ਦਿੱਤੇ ਜਾਂਦੇ ਹਨ:

**ਉੱਚ ਚਰਿੱਤਰਵਾਨ ਮਾਤਾ-ਪਿਤਾ ਹੀ ਸਭਿਅਤ ਸੰਤਾਨ ਬਣਾਉਂਦੇ ਹਨ:-** ਅੰਗਰੇਜ਼ੀ ਦੀ ਇਕ ਕਹਾਵਤ ਹੈ ਕਿ ’ਦੀ ਚਾਈਲਡ ਇਜ਼ ਐਜ਼ ਓਲਡ ਐਜ਼ ਹਿਜ਼ ਇਨਸਿਸਟਰਸ’ ਅਰਥਾਤ ਬੱਚਾ ਉਤਨਾ ਪੁਰਾਣਾ ਹੁੰਦਾ ਹੈ, ਜਿੰਨੇ ਉਸ ਦੇ ਵੱਡੇ-ਵਡੇਰੇ। ਇਕ ਵਾਰ ਇਕ ਇਸਤਰੀ ਸੰਤ ਈਸਾ ਜੀ ਪਾਸ ਆਈ ਤੇ ਉਸ ਨੇ ਉਹਨਾਂ ਨੂੰ ਪ੍ਰਸ਼ਨ ਕੀਤਾ- ਬੱਚੇ ਨੂੰ ਸਿੱਖਿਆ ਕਦੋਂ ਆਰੰਭ ਕਰਨੀ ਚਾਹੀਦੀ ਹੈ? ਈਸਾ ਜੀ ਨੇ ਉਤਰ ਦਿੱਤਾ- ਗਰਭ ਵਿਚ ਆਉਣ ਤੋਂ ਸੌ ਸਾਲ ਪਹਿਲਾਂ ਤੋਂ। ਉਹ ਇਸਤਰੀ ਇਹ ਸੁਣ ਕੇ ਹੈਰਾਨ ਰਹਿ ਗਈ, ਪਰ ਸਚਾਈ ਇਹੀ ਹੈ, ਜਿਸ ਵੱਲ ਸੰਤ ਈਸਾ ਜੀ ਨੇ ਇਸ਼ਾਰਾ ਕੀਤਾ ਹੈ। ਸੌ ਸਾਲ ਪਹਿਲਾਂ ਜਿਸ ਬੱਚੇ ਦੀ ਹੋਂਦ ਹੀ ਨਹੀਂ ਹੁੰਦੀ, ਨਿਸ਼ਚਿਤ ਤੌਰ ਤੇ ਉਸ ਦੀ ਜੜ੍ਹ ਤਾਂ ਜ਼ਰੂਰ ਹੁੰਦੀ ਹੈ, ਚਾਹੇ ਉਸ ਦੇ ਬਾਬਾ ਹੋਣ ਜਾਂ ਪੜਦਾਦਾ ਹੋਣ। ਉਹਨਾਂ ਦੀ ਮਾਨਸਿਕ ਸਥਿਤੀ, ਉਹਨਾਂ ਦਾ ਆਚਾਰ-ਵਿਵਹਾਰ, ਉਹਨਾਂ ਦੀ ਸੰਸਕ੍ਰਿਤੀ ਪਿਤਾ ਤੱਕ ਆਈ ਅਤੇ ਮਾਤਾ-ਪਿਤਾ ਦੇ ਵਿਚਾਰ, ਉਹਨਾਂ ਦਾ ਰਹਿਣ-ਸਹਿਣ ਤੇ ਨੈਤਿਕਤਾ ਨਾਲ ਹੀ ਬੱਚੇ ਦਾ ਵਿਕਾਸ ਹੁੰਦਾ ਹੈ। ਕੱਲ੍ਹ ਨੂੰ ਜਿਸ ਬੱਚੇ ਨੇ ਜਨਮ ਲੈਣਾ, ਉਹਨਾਂ ਦੀ ਭੂਮਿਕਾ ਅਸੀਂ ਆਪਣੇ ਵਿਚ ਲਿਖਦੇ ਹਾਂ। ਅਗਰ ਇਸ ਤਰ੍ਹਾਂ ਦੀ ਸਾਡੇ ਵਿਚ ਭਾਵਨਾ ਹੀ ਪੈਦਾ ਨਾ ਹੋਈ ਤਾਂ ਅਸੀਂ ਬੱਚੇ ਦਾ ਵਧੀਆ ਵਿਕਾਸ ਕਿਸ ਤਰ੍ਹਾਂ ਕਰ ਸਕਦੇ ਹਾਂ? ਸ੍ਰੀ ਰਾਮ ਚੰਦਰ ਜੀ ਵਰਗੇ ਮਹਾਨ ਪੁਰਸ਼ਾਂ ਦਾ ਜਨਮ ਵੀ ਤਾਂ ਉਨ੍ਹਾਂ ਦੇ ਮਾਤਾ-ਪਿਤਾ ਜੀ ਵੱਲੋਂ ਦਿੱਤੇ ਗਏ ਮਹਾਨ ਸੰਸਕਾਰਾਂ ਕਾਰਨ ਹੀ ਸੀ। ਇਸੇ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਦਾ ਸਰਵ-ਕਲਾ ਸੰਪੂਰਨ ਹੋਣਾ ਉਹਨਾਂ ਦੀ ਮਾਤਾ ਦੇਵਕੀ, ਪਿਤਾ ਵਾਸੂਦੇਵ ਤੇ ਉਹਨਾਂ ਦੇ ਪੂਰਵਜ ਵਡੇਰਿਆਂ ਦੇ ਦਿੱਤੇ ਗਏ ਵਧੀਆ ਸੰਸਕਾਰਾਂ ਦਾ ਫਲ ਹੀ ਸੀ। ਅਠਾਰਾਂ ਪ੍ਰਾਣਾਂ ਦੇ ਰਚਾਇਤਾ ਸ੍ਰੀ ਵੇਦ ਵਿਆਸ ਜੀ ਦਾ ਇਕ ਮਹਾਨ ਵਿਦਵਾਨ ਸ਼ਖਸੀਅਤ ਹੋਣਾ ਵੀ ਉਹਨਾਂ ਦੇ ਮਾਤਾ-ਪਿਤਾ ਤੇ ਪੂਰਵਜਾਂ ਦੀ ਵਧੀਆ ਸਿੱਖਿਆ ਕਾਰਨ ਹੀ ਸੀ।

ਸਾਡੇ ਬੱਚੇ ਸਰਵ-ਸ੍ਰੇਸ਼ਟ, ਸਦਗੁਣੀ ਤੇ ਸਰਬ ਪੱਖੀ ਵਿਕਾਸ ਦੇ ਧਾਰਨੀ ਬਣਨ, ਇਨ੍ਹਾਂ ਲਈ ਮਾਤਾ-ਪਿਤਾ ਤੇ ਸਾਡੇ ਵੱਡੇ-ਵਡੇਰਿਆਂ ਨੂੰ ਗੰਭੀਰ ਅਰਥਾਂ ਵਿਚ ਲੈਣ ਤੋਂ ਬਿਨਾਂ ਕੰਮ ਨਹੀਂ ਚੱਲੇਗਾ।

ਮਹਾਂਭਾਰਤ ਦੇ ਸਮੇਂ ਦੀ ਇਹ ਘਟਨਾ ਹੈ ਕਿ ਦਰੋਣਾਚਾਰੀਆ ਨੇ ਪਾਂਡਵਾਂ ਦਾ ਬੱਧ ਕਰਨ ਲਈ ‘ਚੱਕਰਵਿਊ’ ਦੀ ਰਚਨਾ ਕੀਤੀ। ਉਸ ਦਿਨ ਚੱਕਰਵਿਊ ਦਾ ਰਹੱਸ ਜਾਨਣ ਵਾਲੇ ਅਰਜਨ ਨੂੰ ਕੌਰਵ ਭਟਕਾਅ ਕੇ ਬਹੁਤ ਦੂਰ ਲੈ ਗਏ। ਦੂਸਰੇ ਪਾਸੇ ਪਾਂਡਵਾਂ ਨੂੰ ਚੱਕਰਵਿਊ ਤੋੜਨ ਲਈ ਕੌਰਵਾਂ ਨੇ ਨਿਮੰਤਰਣ ਦੇ ਦਿੱਤਾ। ਜਦੋਂ ਪਾਂਡਵ ਸੰਨਾਟੇ ਤੇ ਸੋਚਾਂ ਵਿਚ ਪਏ ਹੋਏ ਸਨ ਕਿ ਇਹ ਚੱਕਰਵਿਊ ਕਿਵੇਂ ਟੁੱਟੇ। ਉਸ ਸਮੇਂ 16 ਸਾਲ ਦੇ ਅਭਿਮਨਿਊ ਖੜ੍ਹੇ ਹੋ ਕੇ ਬੋਲੇ- ’ਮੈਂ ਚੱਕਰਵਿਊ ਨੂੰ ਤੋੜਨ ਦਾ ਭੇਦ ਜਾਣਦਾ ਹਾਂ।’ ਯੁਧਿਸ਼ਟਰ ਨੇ ਹੈਰਾਨ ਹੋ ਕੇ ਕਿਹਾ- ਬੇਟਾ! ਮੈਂ ਤਾਂ ਤੈਨੂੰ ਕਦੀ ਵੀ ਚੱਕਰਵਿਊ ਤੋੜਨ ਦੀ ਸਿੱਖਿਆ ਲੈਂਦੇ ਨਹੀਂ ਦੇਖਿਆ ਤੇ ਨਾ ਹੀ ਕਦੀ ਸੁਣਿਆ ਹੈ। ਅਭਿਮਨਿਊ ਨੇ ਕਿਹਾ- ਜਦ ਮੈਂ ਆਪਣੀ ਮਾਂ ਸੁਭੱਦਰਾ ਦੇ ਪੇਟ ਵਿਚ ਸੀ, ਮਾਂ ਨੂੰ ਜਦੋਂ ਜਣਨ ਪੀੜਾ ਸ਼ੁਰੂ ਹੋਈ, ਉਸ ਸਮੇਂ ਮੇਰੇ ਪਿਤਾ ਅਰਜਨ ਵੀ ਮੇਰੇ ਕੋਲ ਹੀ ਸਨ। ਮਾਂ ਦਾ ਧਿਆਨ ਜਣਨ ਪੀੜਾ ਵੱਲੋਂ ਹਟਾਉਣ ਲਈ ਪਿਤਾ ਜੀ ਨੇ ਚੱਕਰਵਿਊ ਨੂੰ ਤੋੜਨ ਦਾ ਰਹੱਸ ਮਾਤਾ ਜੀ ਨੂੰ ਦੱਸਣਾ ਸ਼ੁਰੂ ਕਰ ਦਿੱਤਾ। ਛੇ ਦਰਵਾਜ਼ਿਆਂ ਦਾ ਰਹੱਸ ਸਮਝਣ ਦੀ ਪ੍ਰਕਿਰਿਆ ਮੇਰੀ ਮਾਤਾ ਧਿਆਨ ਨਾਲ ਸੁਣਦੀ ਰਹੀ ਤੇ ਗਰਭ ਵਿਚ ਬੈਠਾ ਮੈਂ ਧਿਆਨ ਨਾਲ ਸਿੱਖਦਾ ਚਲਾ ਗਿਆ, ਪ੍ਰੰਤੂ ਸੱਤਵੇਂ ਤੇ ਅੰਤਿਮ ਦੁਆਰ ਤੱਕ ਲੜਨ ਤੇ ਉਸ ਦੁਆਰ ਨੂੰ ਤੋੜਨ ਦੀ ਸਿੱਖਿਆ ਸੁਣਨ ਤੋਂ ਪਹਿਲਾਂ ਹੀ ਮੇਰੀ ਮਾਤਾ ਜੀ ਨੂੰ ਨੀਂਦ ਆ ਗਈ ਤੇ ਮੈਂ ਵੀ ਆਪਣੀ ਮਾਤਾ ਨਾਲ ਨੀਂਦ ਦੀ ਅਵਸਥਾ ਵਿਚ ਚਲਾ ਗਿਆ ਤੇ ਉਸ ਤੋਂ ਬਾਅਦ ਮੇਰਾ ਜਨਮ ਹੋ ਗਿਆ। ਛੇ ਦੁਆਰ ਤਾਂ ਮੈਂ ਆਸਾਨੀ ਨਾਲ ਤੋੜ ਲਵਾਂਗਾ। ਸੱਤਵੇਂ ਦੁਆਰ ਤੱਕ ਪਹੁੰਚਣ ਵੇਲੇ ਤੱਕ ਆਪ ਸਭ ਮੇਰੀ ਮਦਦ ਲਈ ਪਹੁੰਚ ਹੀ ਜਾਓਗੇ ਤੇ ਉਸ ਦੁਆਰ ਨੂੰ ਵੀ ਮੈਂ ਤੋੜ ਲਵਾਂਗਾ।

ਉਕਤ ਘਟਨਾ ਉਸ ਸਚਾਈ ਵੱਲ ਸੰਕੇਤ ਕਰਦੀ ਹੈ ਕਿ ਬੱਚਾ ਜਦੋਂ ਗਰਭ ਵਿਚ ਆਏ ਤੇ ਉਸੇ ਵੇਲੇ ਹੀ ਮਾਤਾ-ਪਿਤਾ ਨੂੰ ਆਪਣੀ ਸਰੀਰਕ ਤੇ ਮਾਨਸਿਕ ਤਿਆਰੀ ਆਰੰਭ ਕਰ ਦੇਣੀ ਚਾਹੀਦੀ ਹੈ। ਕਾਫੀ ਸਮਾਂ ਪਹਿਲਾਂ ਦੀ ਗੱਲ ਹੈ ਕਿ ਅਮਰੀਕਾ ਵਿਚ ਜਨਮੇ ਇਕ ਬੱਚੇ ਦੀ ਬੜੀ ਚਰਚਾ ਹੋਈ। ਇਸ ਬੱਚੇ ਦੀਆਂ ਅੱਖਾਂ ਵਿਚ ‘ਜੇ’ ਅਤੇ ’ਡੀ’ ਸ਼ਬਦ ਦੀ ਸ਼ਕਲ ਉਭਰੀ ਹੋਈ ਮਹਿਸੂਸ ਹੁੰਦੀ ਸੀ। ਵਿਗਿਆਨੀਆਂ ਨੇ ਉਸ ਦੀ ਬੜੀ ਖੋਜ-ਪੜਤਾਲ ਕੀਤੀ ਪਰ ਕਾਰਨ ਨਾ ਜਾਣ ਸਕੇ। ਆਖਿਰਕਾਰ ਮਨੋਵਿਗਿਆਨੀਆਂ ਨੇ ਇਸ ਗੁੱਥੀ ਦਾ ਰਾਜ ਸੁਲਝਾਇਆ। ਉਸ ਬੱਚੇ ਦੀ ਮਾਂ ਨੇ ਕਿਹਾ ਕਿ ਅਸਲ ਵਿਚ ਮੈਂ ਆਪਣੇ ਵਿਦਿਅਕ ਕਾਲ ਤੋਂ ਹੀ ਜਾਨ ਡਿਕਸਨ ਦੀ ਬਹੁਤ ਪ੍ਰਭਾਵਿਤ ਰਹੀ ਹਾਂ। ਮੇਰੀ ਸਦਾ ਇਹੀ ਇੱਛਾ ਰਹੀ ਹੈ ਕਿ ਮੇਰੀ ਜੋ ਵੀ ਸੰਤਾਨ ਹੋਵੇ, ਉਹ ਜਾਨ ਡਿਕਸਨ ਦੀ ਤਰ੍ਹਾਂ ਹੀ ਵਿਦਵਾਨ ਹੋਵੇ। ਮੈਂ ਆਪਣੀ ਇਹ ਇੱਛਾ ਕਦੀ ਕਿਸੇ ਕੋਲ ਜਾਹਿਰ ਤਾਂ ਨਹੀਂ ਕੀਤੀ, ਪਰ



ਜਦੋਂ-ਕਦੋਂ ਵੀ ਮੈਨੂੰ ਇਸ ਗੱਲ ਦੀ ਯਾਦ ਆਉਂਦੀ ਹੈ, ਮੈਂ ਅਕਸਰ ਦੀਵਾਰ ਤੇ ਜਾਂ ਕਾਪੀ ਤੇ ਜੇ. ਡੀ. ਅੱਖਰ ਲਿਖ ਕੇ ਆਪਣੀ ਇਸ ਇੱਛਾ ਨੂੰ ਜ਼ਾਹਿਰ ਕਰਦੀ ਰਹੀ ਹਾਂ। ਉਸ ਇਸਤਰੀ ਨੇ ਆਪਣੇ ਅਧਿਐਨ ਕਾਲ ਦੀਆਂ ਕਈ ਕਾਪੀਆਂ ਤੇ ਪੁਸਤਕਾਂ ਵੀ ਦਿਖਾਈਆਂ। ਜਿਹਨਾਂ ਤੇ ਜੇ. ਡੀ. ਸ਼ਬਦ ਲਿਖਿਆ ਹੋਇਆ ਸੀ।

ਸਾਡੇ ਵੱਡੇ-ਵਡੇਰੇ ਇਸ ਤੱਤ ਨੂੰ ਭਲੀ-ਭਾਂਤ ਜਾਣਦੇ ਸਨ ਕਿ ਇਸੇ ਲਈ ਉਨ੍ਹਾਂ ਨੇ ਸਮਾਜ ਨੂੰ ਇਹੋ ਜਿਹੀ ਜੀਵਨ-ਵਿਵਸਥਾ ਦਿੱਤੀ, ਜਿਸ ਨਾਲ ਉਹਨਾਂ ਦੀ ਸੰਤਾਨ ਉੱਚੇ ਆਚਰਣ ਵਾਲੀ ਪੈਦਾ ਹੁੰਦੀ ਸੀ। ਔਰਤ ਦੇ ਗਰਭ ਸਮੇਂ ਨੂੰ, ਉਹਨਾਂ ਨੇ ਇਕ ਚੰਗੇ ਸੰਸਕਾਰਾਂ ਵਾਲੇ ਬੱਚੇ ਪੈਦਾ ਹੋਣ ਦੀ ਵਧੀਆ ਵਿਵਸਥਾ ਮੰਨਿਆ ਹੈ। ਬੱਚਿਆਂ ਦਾ ਨਿਰਮਾਣ ਮਾਤਾ-ਪਿਤਾ ਵਧੀਆ ਵਾਤਾਵਰਣ ਵਿਚ ਕਰਦੇ ਸਨ ਤੇ ਜਿਸ ਤਰ੍ਹਾਂ ਦੀ ਸੰਤਾਨ ਉਹ ਸਮਾਜ ਨੂੰ ਦੇਣਾ ਚਾਹੁੰਦੇ ਸਨ, ਦੇ ਦਿੰਦੇ ਸਨ। ਇਕ ਮਸ਼ਹੂਰ ਕਥਾ ਅਨੁਸਾਰ ਸਤੀ ਮਦਾਲਸਾ ਨੇ ਆਪਣੇ ਤਿੰਨਾਂ ਪੁੱਤਰਾਂ ਵਿਕਰਾਂਤ, ਸ਼ਬਾਹੂ ਅਤੇ ਅਰੀਦਮਨ ਨੂੰ ਸਿੱਖਿਆ, ਦੀਕਸ਼ਾ ਅਤੇ ਸੰਸਕਾਰ ਦਿੱਤੇ, ਉਹ ਬੜੇ ਅਲੌਕਿਕ ਤੇ ਪ੍ਰਮਾਰਥਿਕ ਸਨ, ਜਿਸ ਦਾ ਨਤੀਜਾ ਇਹ ਹੋਇਆ ਕਿ ਉਹਨਾਂ ਤਿੰਨਾਂ ਨੇ ਹੀ ਜਵਾਨੀ ਵਿਚ ਪਹੁੰਚਣ ਤੋਂ ਪਹਿਲਾਂ-ਪਹਿਲਾਂ ਹੀ ਸੰਨਿਆਸ ਧਾਰਨ ਕਰਕੇ ਆਪਣਾ ਸਾਰਾ ਜੀਵਨ ਹੀ ਲੋਕਮੰਗਲ ਵਿਚ ਲਗਾ ਦਿੱਤਾ। ਉਹ ਕਹਿੰਦੀ ਹੁੰਦੀ ਸੀ- ‘ਹੇ ਪੁੱਤਰ! ਤੂੰ ਆਪਣੀ ਜਨਣੀ ਮਦਾਲਸਾ ਦੇ ਸ਼ਬਦ ਸੁਣ। ਤੂੰ ਸ਼ੁੱਧ ਹੈਂ, ਬੁੱਧ ਹੈਂ, ਨਿਰੰਜਨ ਹੈਂ, ਸੰਸਾਰ ਦੀ ਮਾਇਆ ਤੋਂ ਰਹਿਤ ਹੈਂ। ਇਹ ਸੰਸਾਰ ਸੁਪਨੇ ਸਮਾਨ ਹੈ। ਉਠ ਜਾਗਰਤ ਹੋ, ਮੋਹ ਮਾਇਆ ਦਾ ਤਿਆਗ ਕਰ। ਤੂੰ ਸੱਚੀ-ਸੁੱਚੀ ਆਤਮਾ ਹੈਂ, ਆਪਣੇ ਸਵਰੂਪ ਦਾ ਗਿਆਨ ਪ੍ਰਾਪਤ ਕਰ।’’

ਮਹਾਰਾਣੀ ਸਤੀ ਮਦਾਲਸਾ ਦੀ ਬੱਚਿਆਂ ਨੂੰ ਇਸ ਤਰ੍ਹਾਂ ਦੀ ਦਿੱਤੀ ਗਈ ਸਿੱਖਿਆ ਤੋਂ ਮਹਾਰਾਜਾ ਰਿਤਧਵੱਜ ਬਹੁਤ ਚਿੰਤਤ ਹੋਇਆ। ਉਸ ਨੇ ਆਪਣੀ ਮਹਾਰਾਣੀ ਸਤੀ ਮਦਾਲਸਾ ਨੂੰ ਕਿਹਾ ਕਿ ਅਗਰ ਇਸ ਤਰ੍ਹਾਂ ਹੀ ਰਿਹਾ ਤਾਂ ਰਾਜ-ਪਾਠ ਕੌਣ ਸੰਭਾਲੇਗਾ? ਪਰ ਇਸ ਵਾਰ ਸਤੀ ਮਦਾਲਸਾ ਨੇ ਆਪਣੇ ਬੱਚੇ ਨੂੰ ਗਰਭ ਵਿਚ ਹੀ ਰਾਜਨੀਤੀ ਦੀ ਸਿੱਖਿਆ ਦਿੱਤੀ ਤੇ ਕਿਹਾ, ’’ਹੇ ਪੁੱਤਰ! ਤੂੰ ਰਾਜ ਕਰਨਾ, ਆਪਣੇ ਮਿੱਤਰਾਂ ਤੇ ਲੋਕਾਂ ਨੂੰ ਅਨੰਦਿਤ ਰੱਖਣਾ, ਸੱਜਣ-ਪੁਰਸ਼ਾਂ ਦੀ ਰੱਖਿਆ ਕਰਨਾ, ਯੱਗ ਕਰਨਾ, ਗਊ ਅਤੇ ਜਨ-ਜੀਵਨ ਦੀ ਰੱਖਿਆ ਲਈ ਅਗਰ ਯੁੱਧ ਵੀ ਕਰਨਾ ਪਵੇ ਤਾਂ ਆਪਣੀ ਜਾਨ ਤੱਕ ਕੁਰਬਾਨ ਕਰਨ ਤੋਂ ਵੀ ਨਹੀਂ ਝਿਜਕਣਾ।’’

ਇਹ ਉਦਾਹਰਣ ਇਸ ਗੱਲ ਦੀ ਪ੍ਰਤੀਕ ਹੈ ਕਿ ਬੱਚਾ ਮਾਤਾ-ਪਿਤਾ ਦੇ ਸਰੀਰਕ ਅਤੇ ਮਾਨਸਿਕ ਸੰਚੇ ਵਿਚ ਢਲੇ ਤੇ ਸਮਾਜ ਤਥਾ ਸੰਸਕ੍ਰਿਤੀ ਦੁਆਰਾ ਸੰਸਕਾਰਿਤ ਹੋ ਕੇ ਸਫਲ ਮਨੁੱਖ ਬਣੇ। ਜਿਸ ਤਰ੍ਹਾਂ ਦੇ ਮਾਤਾ-ਪਿਤਾ ਹੋਣਗੇ, ਉਸ ਤਰ੍ਹਾਂ ਦੀ ਹੀ ਉਹਨਾਂ ਦੀ ਸੰਤਾਨ ਹੋਵੇਗੀ। ਸ੍ਰੀ ਰਾਮ ਚੰਦਰ ਜੀ ਜਦੋਂ ਬਨਵਾਸ ਗਏ ਸਨ, ਉਸ ਸਮੇਂ ਦੀ ਘਟਨਾ ਹੈ। ਸ੍ਰੀ ਰਾਮ ਜੀ ਨੇ ਲਛਮਣ ਤੋਂ ਪੁੱਛਿਆ- ’’ਹੇ ਲਛਮਣ! ਸੁੰਦਰ ਫੁੱਲ, ਪੱਕੇ ਹੋਏ ਫਲ ਅਤੇ ਸੁੰਦਰ ਨਾਰੀ ਦੇਖ ਕੇ ਕਿਹੜੀ ਚੀਜ਼ ਹੈ ਜਿਸ ਨੂੰ ਦੇਖ ਕੇ ਮਨ ਮਚਲ ਸਕਦਾ ਹੈ।’’ ਇਸ ਤੇ ਲਛਮਣ ਨੇ ਉਤਰ ਦਿੱਤਾ- ’’ਹੇ ਆਰੀਆ ਸਰੇਸ਼ਟ! ਜਿਸ ਦੇ ਪਿਤਾ ਦਾ ਆਚਰਣ ਖੁਦ ਪਵਿੱਤਰ ਰਿਹਾ ਹੋਵੇ, ਜਿਸ ਦੀ ਮਾਤਾ ਪਤੀਵਰਤਾ ਰਹੀ ਹੋਵੇ, ਉਹਨਾਂ ਦੇ ਪਵਿੱਤਰ ਵੀਰਜ ਤੋਂ ਪੈਦਾ ਹੋਈ ਸੰਤਾਨ ਦਾ ਮਨ ਕਦੀ ਮਚਲ ਨਹੀਂ ਸਕਦਾ।’’

ਲਛਮਣ ਜੀ ਦਾ ਇਹ ਉਪਦੇਸ਼ ਹਰ ਮਾਤਾ-ਪਿਤਾ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੰਦਾ ਹੈ ਕਿ ਜੇਕਰ ਤੁਹਾਨੂੰ ਵਧੀਆ ਸ੍ਰੇਸ਼ਟ ਸੰਤਾਨ ਚਾਹੀਦੀ ਹੈ ਤਾਂ ਉਸ ਨੂੰ ਢਾਲਣ ਲਈ ਮਨੁੱਖ ਨੂੰ ਆਪਣਾ ਚਰਿੱਤਰ ਇਕ ਸੱਚੇ ਦੀ ਤਰ੍ਹਾਂ ਬਣਾਉਣਾ ਪਵੇਗਾ।

ਇਨ੍ਹਾਂ ਚੰਗੇ ਸੰਸਕਾਰਾਂ ਦੀ ਨੀਂਹ ਰੱਖਣ ਵਾਲੀ, ਇਕ ਚੰਗੀ ਮਾਂ ਹੀ ਹੋ ਸਕਦੀ ਹੈ। ਉਹ ਜਿਸ ਤਰ੍ਹਾਂ ਦੇ ਸੰਕਲਪ ਅਤੇ ਵਿਚਾਰ ਬੱਚੇ ਵਿਚ ਪੈਦਾ ਕਰਦੀ ਹੈ, ਉਸੇ ਤਰ੍ਹਾਂ ਦੀ ਹੀ ਉਸ ਦੀ ਗ੍ਰਹਿਣਸ਼ੀਲਤਾ ਬਣ ਜਾਂਦੀ ਹੈ ਤੇ ਉਸੇ ਤਰ੍ਹਾਂ ਦੇ ਤੱਤ ਉਹ ਸੰਸਾਰ ਵਿਚ ਅਪਣਾ ਕੇ ਆਪਣਾ ਚਰਿੱਤਰ ਤੇ ਵਿਵਹਾਰਿਕਤਾ ਬਣਾ ਲੈਂਦੀ ਹੈ। ਇਕ ਚੰਗੇ ਸ ੰਸਕਾਰਾਂ ਵਾਲੀ ਮਾਤਾ ਆਪਣੇ ਬੱਚਿਆਂ ਨੂੰ ਬਚਪਨ ਵਿਚ ਹੀ ਚ ਰਿੱਤਰਵਾਨਤਾ ਦੀ ਸਿੱਖਿਆ ਦੇ ਕੇ ਚੰਗੇ ਚਰਿੱਤਰ ਦੀ ਨੀਂਦ ਰੱਖ ਦਿੰਦੀ ਹੈ।

ਇਕ ਚੰਗੀ ਸੰਤਾਨ ਦੇ ਰੂਪ ਵਿਚ ਉਸ ਜੀਵ-ਆਤਮਾ ਦਾ ਸੁਧਾਰ ਤੇ ਵਿਕਾਸ ਕਰਨਾ ਇਕ ਯੋਗ ਮਾਤਾ-ਪਿਤਾ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਪਿਤਾ ਆਪਣੀ ਪਤਨੀ ਦੇ ਗਰਭ ਧਾਰਨ ਵਿਚ ਸਿਰਫ ਸਹਿਯੋਗ ਕਰਦਾ ਹੈ, ਬਾਅਦ ਵਿਚ ਪਤਨੀ ਹੀ ਉਸ ਗਰਭ ਰੂਪੀ ਫਲ ਨੂੰ ਪਕਾਉਣ ਦਾ ਕੰਮ ਕਰਦੀ ਹੈ। ਇਸ ਲਈ ਮਾਤਾ ਦੀ ਜ਼ਿੰਮੇਵਾਰੀ ਤੇ ਉਤਰਦਾਇਤਿਤਵਤਾ ਵਧੇਰੇ ਹੋ ਜਾਂਦੀ ਹੈ। ਬਿਨਾਂ ਉਚਿਤ ਗਿਆਨ ਤੇ ਸਥਿਤੀ ਦੀ ਜਾਣਕਾਰੀ ਰੱਖਦਿਆਂ, ਮਾਤਾ ਇਸ ਜ਼ਿੰਮੇਵਾਰੀ ਨੂੰ ਭਲੀ-ਭਾਂਤੀ ਨਿਭਾਅ ਸਕਦੀ ਹੈ, ਇਹ ਅਸੰਭਵ ਹੈ। ਜ਼ਿਆਦਾਤਰ ਮਾਤਾਵਾਂ ਨੂੰ ਇਹ ਗਿਆਨ ਹੋਣਾ ਬਹੁਤ ਜ਼ਰੂਰੀ ਹੈ ਕਿ ਸੰਤਾਨ ਕਾਮਵਾਸ਼ਨਾ ਦਾ ਨਤੀਜਾ ਨਹੀਂ ਹੈ, ਕਾਮ ਤਾਂ ਇਕ ਪ੍ਰੇਰਕ ਤੱਤ ਹੈ, ਜੋ ਇਕ ਆਤਮਾ ਦੇ ਪ੍ਰਗਟ ਹੋਣ ਲਈ ਮਾਤਾ-ਪਿਤਾ ਨੂੰ ਪ੍ਰੇਰਿਤ ਕਰਦਾ ਹੈ।

ਗਰਭ ਅਵਸਥਾ ਵਿਚ ਬੱਚਾ ਆਪਣੀ ਮਾਤਾ ਦੇ ਪ੍ਰਗਟ ਆਚਰਣ ਤੋਂ ਹੀ ਪ੍ਰਭਾਵਿਤ ਨਹੀਂ ਹੁੰਦਾ, ਉਸ ਨਾਲ ਤਾਂ ਸਿਰਫ ਹਲਕਾ ਜਿਹਾ ਉਸ ਦੀ ਮਨੋਭੂਮੀ ਤੇ ਅਸਰ ਪੈਂਦਾ ਹੈ, ਜ਼ਿਆਦਾਤਰ ਪ੍ਰਭਾਵ ਤਾਂ ਮਾਨਸਿਕ ਭਾਵਨਾਵਾਂ ਤੇ ਵਿਚਾਰਧਾਰਾ ਦਾ ਹੀ ਹੁੰਦਾ ਹੈ।

**2. ਬੱਚਿਆਂ ਦਾ ਸੰਸਕ੍ਰਿਤਕ ਵਿਕਾਸ:-** ਗਲਤੀਆਂ, ਤਰੁੱਟੀਆਂ ਤੇ ਪਾਪਾਂ ਨਾਲ ਭਰੇ ਜੀਵਨ ਨੂੰ ਕਠੋਰ ਤਪੱਸਿਆ ਤੇ ਗਹਿਰੇ ਪਸਚਾਤਾਪ ਨਾਲ ਹੀ ਉਤਨਾ ਪਵਿੱਤਰ ਤੇ ਨਿਰਮਲ ਨਹੀਂ ਬਣਾਇਆ ਜਾ ਸਕਦਾ, ਜਿਤਨਾ ਆਰੰਭਕ ਜੀਵਨ ਦੇ ਚਰਿੱਤਰ ਨਿਰਮਾਣ ਨਾਲ ਹੀ ਮਨੁੱਖ ਦਾ ਜੀਵਨ ਸ਼ੁੱਧ ਤੇ ਨਿਰਮਲ ਹੁੰਦਾ ਹੈ। ਮਨ ਅੰਦਰ ਜਦੋਂ ਵੀ ਭੈੜੇ ਸੰਸਕਾਰ ਅਨੁਕੂਲ ਸਥਿਤੀ ਪੈਦਾ ਕਰਦੇ ਹਨ ਤਾਂ ਉਸ ਸਮੇਂ ਦਿਮਾਗ ਵਿਚ ਇਕ ਕ੍ਰਾਂਤੀ ਪੈਦਾ ਹੁੰਦੀ ਹੈ, ਜਿਸ ਨਾਲ ਅੰਦਰੂਨੀ ਪਵਿੱਤਰਤਾ ਤੇ ਵਾਰ-ਵਾਰ ਭੈੜੇ ਵਿਕਾਰਾਂ ਦਾ ਉਤਾਰ-ਚੜ੍ਹਾਅ ਬਣਿਆ ਰਹਿੰਦਾ ਹੈ, ਇਸ ਸਥਿਤੀ ਵਿਚ ਸੁਭਾਵਿਕ ਨਿਰਮਲਤਾ ਆ ਹੀ ਨਹੀਂ ਸਕਦੀ। ਇਸ ਲਈ ਭਾਰਤੀ ਧਰਮਾਂ ਦੇ ਨਿਰਮਾਣਤਾਵਾਂ ਨੇ ਇਸ ਲਈ ਵਿਵਸਥਾ ਪਹਿਲਾਂ ਹੀ ਬਣਾ ਦਿੱਤੀ ਸੀ ਕਿ ਮਨੁੱਖਤਾ ਦੇ ਚਰਿੱਤਰ ਦਾ ਨਿਰਮਾਣ ਬਚਪਨ ਵਿਚ ਹੀ ਬਣਾ ਦਿੱਤਾ ਜਾਵੇ। ਉਮਰ ਦੇ ਵਧਣ ਨਾਲ ਚਰਿੱਤਰ ਵਿਚ ਉਤਾਰ-ਚੜ੍ਹਾਅ ਆਉਂਦੇ ਰਹਿੰਦੇ ਹਨ। ਅਜਿਹੇ ਮਨੁੱਖ ਹੀ ਅੱਗੇ ਚੱਲ ਕੇ ਮਹਾਨ ਚਰਿੱਤਰਵਾਨ, ਵਿਦਵਾਨ ਤੇ ਮਨੋਸ਼ਕਤੀ ਦੇ ਸਰਬ-ਪੱਖੀ ਵਿਕਾਸ ਵਾਲੇ ਮਾਨਵ ਬਣਦੇ ਹਨ। ਜਦੋਂ ਤੱਕ ਅਜਿਹੀ ਪ੍ਰੰਪਰਾ ਦੇਸ਼ ਵਿਚ ਚਲਦੀ ਰਹੀ, ਉਦੋਂ ਤੱਕ ਇੱਥੇ ਸੁੱਖ-ਸ਼ਾਂਤੀ ਤੇ ਵਧੀਆ ਇਨਸਾਨੀਅਤ ਦੀ ਕਮੀ ਨਹੀਂ ਆਈ।

ਬੱਚਿਆਂ ਵਿਚ ਜਿਸ ਗਤੀ ਨਾਲ ਅੱਜ ਨੈਤਿਕ ਅਪਰਾਧ ਵੱਧ ਰਹੇ ਹਨ, ਉਹਨਾਂ ਦੇ ਹਿਸਾਬ ਨਾਲ ਅੱਜ ਦੇ ਸਮਾਜਿਕ ਸੁਧਾਰਕ ਚਿੰਤਕਾਂ ਵਿਚ ਚਿੰਤਾ ਦਾ ਵਧਣਾ ਇਕ ਸੁਭਾਵਿਕ ਗੱਲ ਹੈ। ਜਦੋਂ ਇਨਸਾਨ ਦੇ ਸੁਭਾਅ ਵਿਚ ਔਗੁਣ ਇਕ ਉੱਚੀ ਸੀਮਾ ਤੱਕ ਵੱਧ ਜਾਂਦੇ ਹਨ, ਜੇਕਰ ਉਹਨਾਂ ਨੂੰ ਸੁਧਾਰਨ ਲਈ ਕੋਈ ਠੋਸ ਪ੍ਰੋਗਰਾਮ ਵੀ ਬਣਾਇਆ ਜਾਂਦਾ ਹੈ ਤੇ ਉਸ ਵਿਚ ਸੁਧਾਰ ਲਈ ਪੂਰੀ ਸ਼ਕਤੀ ਵੀ ਲਗਾ ਦਿੱਤੀ ਜਾਂਦੀ ਹੈ ਤਾਂ ਉਸ ਦੇ ਸਿੱਟੇ ਇੱਛਾ ਮੁਤਾਬਕ ਨਹੀਂ ਨਿਕਲਦੇ ਤੇ ਸਾਡੇ ਹੱਥ ਅਸਫਲਤਾ ਹੀ ਆਉਂਦੀ ਹੈ। ਜ਼ਿਆਦਾਤਰ ਮਾਤਾ-ਪਿਤਾ ਨੂੰ ਇਸ ਵਿਸ਼ੇ ਬਾਰੇ ਗਿਆਨ ਹੀ ਨਹੀਂ ਹੁੰਦਾ ਕਿ ਉਹ ਬੱਚਿਆਂ ਦੇ ਚਰਿੱਤਰ ਦਾ ਨਿਰਮਾਣ ਕਿਸ ਤਰੀਕੇ ਨਾਲ ਕਰਨ? ਇਸ ਲਈ ਬੱਚੇ ਜ਼ਿਆਦਾਤਰ ਆਪਣੀ ਇੱਛਾ ਅਨੁਸਾਰ ਹੀ ਔਗੁਣਾਂ ਨਾਲ ਪਰੇ ਸਮਾਜ ਦੇ ਔਗੁਣ ਹੀ ਗ੍ਰਹਿਣ ਕਰ ਲੈਂਦੇ ਹਨ, ਕਿਉਂਕਿ ਇਹ ਸਭ ਕੁਝ ਉਹਨਾਂ ਦੇ ਵਾਤਾਵਰਣ ਵਿਚ ਬੜੀ ਆਸਾਨੀ ਨਾਲ ਮਿਲ ਜਾਂਦਾ ਹੈ। ਬੱਚਿਆਂ ਦਾ ਨਿਰਮਾਣ ਗਰਭ ਅਵਸਥਾ ਵਿਚ ਪ੍ਰਵੇਸ਼ ਕਰਦਿਆਂ ਹੀ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਜ਼ਰੂਰਤ ਨੂੰ ਨੈਤਿਕ ਸਿੱਖਿਆ ਦੇਣ ਲਈ ਕੋਈ ਕਠਿ-ਨਾਈ ਪੈਦਾ ਨਹੀਂ ਹੁੰਦੀ ਸੀ।

ਦਾਰਸ਼ਨਿਕ ਸੁਕਰਾਤ ਦੇ ਕੋਲ ਇਕ ਇਸਤਰੀ ਆਈ। ਉਸ ਨੇ ਪੁੱਛਿਆ- ’’ਗੁਰੂਦੇਵ! ਮੈਂ ਆਪਣੇ ਬੱਚਿਆਂ ਦੀ ਸਿੱਖਿਆ ਕਦੋਂ ਤੋਂ ਸ਼ੁਰੂ ਕਰਾਂ?’’
“ਬੱਚੇ ਦੀ ਉਮਰ ਕਿਤਨੀ ਹੈ?’’ ਸੁਕਰਾਤ ਨੇ ਪੁੱਛਿਆ।
“ਚਾਰ ਸਾਲ’’। ਇਸਤਰੀ ਨੇ ਬੜੀ ਸਰਲਤਾ ਨਾਲ ਉਤਰ ਦਿੱਤਾ।

ਇਸ ਲਈ ਹੁਣ ਤੂੰ ਚਾਰ ਸਾਲ ਨੌਂ ਮਹੀਨੇ ਬੱਚੇ ਨੂੰ ਸਿੱਖਿਆ ਦੇਣ ਤੋਂ ਪਿੱਛੇ ਰਹਿ ਗਈ। ਸੁਕਰਾਤ ਨੇ ਉਸ ਦਾ ਹੱਲ ਦੱਸ ਦਿੱਤਾ। ਮਾਤਾ ਦੇ ਗਰਭ ਧਾਰਨ ਤੋਂ ਹੀ ਬੱਚੇ ਦੇ ਸੰਸਕਾਰ ਬਣਨੇ ਆਰੰਭ ਹੋ ਜਾਂਦੇ ਹਨ। ਸਾਡੀ ਸੰਸਕ੍ਰਿਤੀ ਵਿਚ ਵੀ ਇਹੀ ਪਧਤੀ ਕਰਮਕ ਅਤੇ ਵਿਗਿਆਨਕ ਮੰਨੀ ਜਾਂਦੀ ਸੀ। ਇਹੀ ਕਾਰਨ ਹੈ ਕਿ ਘਰ-ਘਰ ਵਿਚ ਧਰੂ, ਪਰਿਲਾਦ, ਪਰਤ ਤੇ ਅਭਿਮਨਿਊ ਵਰਗੇ ਪ੍ਰਤਿਭਾਸ਼ਾਲੀ ਬੱਚੇ ਜਨਮ ਲਿਆ ਕਰਦੇ ਸੀ। ਅੱਜ ਫਿਰ ਉਸ ਤਰ੍ਹਾਂ ਦੀ ਸੰਸਕ੍ਰਿਤੀ ਤੇ ਪਰਵਿਰਤੀ ਨੂੰ ਜਾਗਰਤ ਕਰਨ ਦੀ ਲੋੜ ਹੈ। ਬੱਚਿਆਂ ਨੂੰ ਸੰਸਕਾਰੀ ਬਣਾਉਣ ਦਾ ਅਭਿਆਸ ਉਹਨਾਂ ਦੇ ਗਰਭ ਵਿਚ ਆਉਣ ਤੋਂ ਹੀ ਆਰੰਭ ਕਰ ਦੇਣਾ ਚਾਹੀਦਾ ਹੈ। ਮਾਤਾ-ਪਿਤਾ ਦੀ ਮਨੋਦਸ਼ਾ ਦਾ ਬੱਚਿਆਂ ਤੇ ਪ੍ਰਭਾਵ ਪੈਂਦਾ ਹੈ। ਮਾਤਾ ਦੇ ਸਰੀਰ ’ਚੋਂ ਖੂਨ ਅਤੇ ਰਸ ਲੈ ਕੇ ਬੱਚੇ ਦਾ ਸਰੀਰ ਬਣਦਾ ਹੈ। ਮਾਤਾ-ਪਿਤਾ ਦੇ ਰਹਿਣ-ਸਹਿਣ ਦਾ ਸੂਖਮ ਪ੍ਰਭਾਵ ਉਸ ਦੀ ਆਤਮਾ ਤੇ ਪੈਂਦਾ ਹੈ। ਉਹਨਾਂ ਨੂੰ ਆਪਣਾ ਰਹਿਣ-ਸਹਿਣ, ਖਾਣ-ਪੀਣ ਤੇ ਵਿਵਹਾਰ ਬੱਚੇ ਦੇ ਗਰਭ ਵਿਚ ਆਉਣ ਤੋਂ ਹੀ ਠੀਕ ਕਰ ਲੈਣਾ ਚਾਹੀਦਾ ਹੈ। ਜਿਹੜੀਆਂ ਮਾਤਾਵਾਂ ਮਿਰਚ-ਮਸਾਲੇ, ਖਟਿਆਈ, ਕੌੜੇ-ਕਸੈਲੇ ਤੇ ਵਾਸੀ ਭੋਜਨ ਖਾਂਦੀਆਂ ਹਨ, ਉਹਨਾਂ ਦੇ ਬੱਚੇ ਜ਼ਿਆਦਾਤਰ ਕ੍ਰੋਧੀ, ਦੁਸ਼ਟ ਤੇ ਜ਼ਾਲਮ ਸੁਭਾਅ ਦੇ ਧਾਰਨੀ ਬਣਦੇ ਹਨ। ਕੱਪੜੇ, ਗਹਿਣੇ, ਬੋਲੀ ਤੇ ਭਾਸ਼ਾ ਆਦਿ ਦਾ ਵੀ ਗਰਭਧਾਰੀ ਔਰਤ ਦੇ ਬੱਚੇ ਤੇ ਪ੍ਰਭਾਵ ਪੈਂਦਾ ਹੈ। ਜੇਕਰ ਪਤੀ-ਪਤਨੀ ਵਿਚ ਪ੍ਰੇਮ ਭਾਵਨਾ ਤੇ ਸਦਾਚਾਰਕਤਾ ਨਾ ਹੋਵੇ ਤਾਂ ਵੀ ਬੱਚੇ ਦੁਰਾਚਾਰੀ, ਅਵੱਗਿਅਤ ਤੇ ਚਿੜਚਿੜੇ ਸੁਭਾਅ ਦੇ ਹੁੰਦੇ ਹਨ। ਇਹਨਾਂ ਸਾਰੀਆਂ ਚੀਜ਼ਾਂ ਦਾ ਮਾਤਾ-ਪਿਤਾ ਨੂੰ ਪੂਰਨ ਗਿਆਨ ਹੋਣਾ ਚਾਹੀਦਾ ਹੈ।

ਜਨਮ ਲੈਣ ਤੋਂ ਬਾਅਦ ਬੱਚਾ ਬਾਲਗ ਹੋਣ ਤੱਕ ਮਾਤਾ-ਪਿਤਾ ਦੀ ਸੁਰੱਖਿਆ ਵਿਚ ਹੀ ਰਹਿੰਦਾ ਹੈ। ਇਸ ਸਮੇਂ ਬੱਚਾ ਮਾਤਾ-ਪਿਤਾ ਦੀ ਹਰ ਗੱਲ ਨੂੰ ਤੇ ਕਰਮ ਨੂੰ ਬੜੀ ਗਹੁ ਨਾਲ ਦੇਖਦਾ ਤੇ ਸਮਝਦਾ ਹੈ। ਇਸ ਲਈ ਮਾਤਾ-ਪਿਤਾ ਲਈ ਇਹ ਸਮਾਂ ਬੜੀ ਸਮਝਦਾਰੀ ਦਾ ਤੇ ਜ਼ਿੰਮੇਵਾਰੀ ਦਾ ਬਣ ਜਾਂਦਾ ਹੈ। ਇਸ ਅਵਸਥਾ ਵਿਚ ਬੱਚੇ ਨੂੰ ਡਰਾਉਣਾ, ਗੰਦਾ ਰੱਖਣਾ, ਉਸ ਨੂੰ ਨੀਂਦ ਆਦਿ ਲਈ ਨਸ਼ੀਲੀਆਂ ਚੀਜ਼ਾਂ ਖੁਆਉਣਾ, ਬਹੁਤ ਹੀ ਨੁਕਸਾਨਦਾਇਕ ਸਾਬਤ ਹੁੰਦਾ ਹੈ। ਕਾਮ ਕ੍ਰੋਧ ਤੇ ਹੋਰ ਮਾਤਾ-ਪਿਤਾ ਦੀਆਂ ਬੁਰੀਆਂ ਆਦਤਾਂ ਦਾ ਬੱਚੇ ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ, ਜਿਹਨਾਂ ਮਾਤਾ-ਪਿਤਾ ਵਿਚ ਆਪਸੀ ਪ੍ਰੇਮ-ਭਾਵਨਾ ਤੇ ਮਿੱਤਰਤਾ ਦੀ ਭਾਵਨਾ ਨਹੀਂ ਹੁੰਦੀ, ਉਹਨਾਂ ਦੇ ਬੱਚੇ ਪ੍ਰੇਮ ਭਾਵਨਾ ਤੇ ਮਿੱਤਰਤਾ ਆਦਿ ਦੇ ਚੰਗੇ ਗੁਣਾਂ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਲਈ ਮਾਤਾ-ਪਿਤਾ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਕੋਈ ਅਜਿਹੀ ਗੱਲ ਤਾਂ ਨਹੀਂ ਕਰ ਰਹੇ ਜਿਸ ਦਾ ਉਹਨਾਂ ਦੇ ਬੱਚਿਆਂ ਤੇ ਬੁਰਾ ਪ੍ਰਭਾਵ ਪੈਂਦਾ ਹੋਵੇ।

ਪੰਜ ਸਾਲ ਦੀ ਉਮਰ ਹੋ ਜਾਣ ਤੱਕ ਬੱਚੇ ਦਾ ਗਿਆਨ ਘੇਰਾ ਵਧਣ ਲੱਗਦਾ ਹੈ। ਇੱਥੋਂ ਤੱਕ ਪਹੁੰਚਣ ਤੱਕ ਜਿਹਨਾਂ ਚੀਜ਼ਾਂ ਨੂੰ ਖੇਡ ਦੀ ਵਸਤੂ ਜਾਂ ਤੋੜ-ਫੋੜ ਦੀ ਵਸਤੂ ਸਮਝਦਾ ਸੀ, ਹੁਣ ਇਹਨਾਂ ਵਸਤੂਆਂ ਪ੍ਰਤੀ ਉਸ ਦੀ ਜਗਿਆਸਾ ਭਾਵਨਾ ਵਧਣ ਲੱਗਦੀ ਹੈ। ਇਸ ਉਮਰ ਵਿਚ ਬੱਚੇ ਨੂੰ ਚਿੱਤਰ, ਕਥਾ-ਕਹਾਣੀਆਂ ਬਹੁਤ ਪਸੰਦ ਆਉਂਦੀਆਂ ਹਨ। ਲੋਰੀਆਂ ਤੇ ਸੰਗੀਤ ਪ੍ਰਤੀ ਉਸਦੀ ਰੁਚੀ ਜਾਗਰਿਤ ਹੁੰਦੀ ਹੈ।

ਇਹਨਾਂ ਲਈ ਉਹ ਕਦੀ-ਕਦੀ ਜਿੱਦ ਵੀ ਕਰਦਾ ਹੈ। ਇਸ ਉਮਰ ਵਿਚ ਬੱਚੇ ਨੂੰ ਬਹੁਤ ਸੁੰਦਰ-ਸੁੰਦਰ ਤਸਵੀਰਾਂ, ਜਿਹਨਾਂ ਵਿਚ ਮਹਾਂਪੁਰਸ਼ਾਂ ਦੇ ਚਿੱਤਰ, ਕੁਦਰਤੀ ਨਜ਼ਾਰਿਆਂ ਦੇ ਚਿੱਤਰ ਆਦਿ ਦਿਖਾਉਣੇ ਚਾਹੀਦੇ ਹਨ। ਕਲਾਤਮਕ ਚੀਜ਼ਾਂ ਨਾਲ ਆਪਣੇ ਘਰ ਨੂੰ ਸਜਾਉਣਾ ਚਾਹੀਦਾ ਹੈ ਤੇ ਇਸ ਪ੍ਰਤੀ ਉਹਨਾਂ ਵਿਚ ਰੁਚੀ ਪੈਦਾ ਕਰਨੀ ਚਾਹੀਦੀ ਹੈ। ਮਹਾਂਪੁਰਸ਼ਾਂ ਦੀਆਂ ਜੀਵਨੀਆਂ ਬੜੇ ਸਰਲ ਤਰੀਕੇ ਨਾਲ ਸੁਣਾਉਣੀਆਂ ਚਾਹੀਦੀਆਂ ਹਨ।

ਲੋਰੀਆਂ ਤੇ ਸ਼ਾਂਤਮਈ ਸੰਗੀਤ ਨਾਲ ਬੱਚੇ ਦਾ ਮਨੋਰੰਜਨ ਵੀ ਹੁੰਦਾ ਹੈ ਤੇ ਉਸ ਦੇ ਮਨੋਜਗਤ ਵਿਚ ਚੰਗੇ ਸੰਸਕਾਰਾਂ ਦਾ ਜਨਮ ਵੀ ਹੋਣਾ ਸ਼ੁਰੂ ਹੁੰਦਾ ਹੈ। ਇਸ ਅਵਸਥਾ ਵਿਚ ਮਾਤਾ-ਪਿਤਾ ਬੱਚੇ ਨੂੰ ਕਿਸੇ ਵੀ ਦਿਸ਼ਾ ਵਿਚ ਲਿਜਾ ਸਕਦੇ ਹਨ। (ਚਲਦਾ)

ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!



**– ਪਸ਼ੌਰਾ ਸਿੰਘ ਢਿੱਲੋਂ (1-559-708-4399)**

# ਬਾਬਾ ਸੋਹਣ ਸਿੰਘ ਭਕਨਾ
## (4 ਜਨਵਰੀ 1870 ਤੋਂ 20 ਦਸੰਬਰ 1968)



**(ਤੀਜੀ ਕਿਸ਼ਤ)**

**ਇਮਤਿਹਾਨ**

ਰੱਬ ਭਗਤੀ ਹੋਵੇ, ਚਾਹੇ ਦੇਸ਼ ਭਗਤੀ- ਇਮਤਿਹਾਨ ਜ਼ਰੂਰ ਆਉਂਦੇ ਹਨ। ਅਮਰੀਕਾ ਵਾਲੇ ਦੋਸਤ ਦੇ ਭਰੋਸਾ ਦਿਵਾਉਣ ਪਿੱਛੋਂ ਬਾਬਾ ਜੀ ਦੀ ਆਗਿਆ ਲੈਣੀ ਜ਼ਰੂਰੀ ਸੀ। ਬਾਬਾ ਜੀ ਸਾਹਮਣੇ ਪੇਸ਼ ਹੋ ਕੇ ਸਾਰੀ ਹਾਲਤ ਉਹਨਾਂ ਸਾਹਮਣੇ ਰੱਖੀ। ਬਾਬਾ ਜੀ ਸੁਣ ਕੇ ਹੱਸ ਪਏ। ਬਾਬਾ ਜੀ ਕੋਲ ਉਹਨਾਂ ਦਾ ਇਕ ਸ਼ਰਧਾਲੂ ਸ਼ਾਹੂਕਾਰ ਦਰਸ਼ਨਾਂ ਲਈ ਆਇਆ ਹੋਇਆ ਸੀ। ਬਾਬਾ ਜੀ ਉਹਨੂੰ ਸੰਬੋਧਨ ਕਰਕੇ ਕਹਿਣ ਲੱਗੇ, "ਸੋਹਣ ਸਿੰਘ ਤੁਰਿਆ ਤਾਂ ਰੱਬ ਨੂੰ ਮਿਲਣ ਲਈ ਸੀ ਪਰ ਜਦ ਹੁਣ ਰੱਬ ਦੀ ਖਲਕਤ ਦੀ ਸੇਵਾ ਕਰਦਿਆਂ ਮਾਇਆ ਖਤਮ ਹੋ ਗਈ ਤਾਂ ਘਬਰਾ ਗਿਆ।'' ਸ਼ਾਹੂਕਾਰ ਮੈਨੂੰ ਪੁੱਛਣ ਲੱਗਾ, "ਕਿਉਂ ਜੀ ਕੀ ਗੱਲ ਹੈ?'' ਮੈਂ ਉਸਨੂੰ ਸਾਰੀ ਗੱਲ ਸਮਝਾਈ।

ਸ਼ਾਹੂਕਾਰ ਨੇ ਬਾਬਾ ਜੀ ਨੂੰ ਸੰਬੋਧਨ ਕਰਕੇ ਕਿਹਾ, ''ਮਹਾਰਾਜ ਇਹ ਰੁਪਏ ਲਈ ਅਮਰੀਕਾ ਨਾ ਜਾਣ। ਮੈਂ ਕੱਲ੍ਹ ਨੂੰ ਹੀ ਇਹਨਾਂ ਦਾ ਸਾਰਾ ਕਰਜ਼ਾ ਜਿਹੜਾ ਜ਼ਮੀਨ ਤੇ ਹੈ ਤੇ ਜਿਹੜਾ ਉਧਾਰ ਹੈ ਉਹ ਵੀ ਲਿਆ ਕੇ ਆਪ ਦੇ ਚਰਨਾਂ ਵਿਚ ਰੱਖ ਦਿਆਂਗਾ। ਪਰ ਇਕ ਗੱਲ ਇਹ ਆਪਣੇ ਮੂੰਹੋਂ ਕਹਿ ਦੇਣ ਕਿ ਜਿੰਨਾ ਇਹਨਾਂ ਅੱਜ ਤੱਕ ਪੁੰਨ ਦਾਨ ਕੀਤਾ ਹੈ, ਉਸ ਦਾ ਫਲ ਮੈਨੂੰ (ਸ਼ਾਹੂਕਾਰ) ਨੂੰ ਦਿੱਤਾ।''

ਬਾਬਾ ਜੀ ਨੇ ਹੱਸ ਕੇ ਕਿਹਾ, "ਕਰ ਲਓ ਸੌਦਾ। ਅਮਰੀਕਾ ਜਾਣ ਦੀ ਕੀ ਲੋੜ ਹੈ? (ਨੋਟ: ਹਿੰਦੂ ਅਕੀਦੇ ਅਨੁਸਾਰ ਰੁਪਏ ਨਾਲ ਪੁੰਨ ਦਾਨ ਖਰੀਦਿਆ ਜਾ ਸਕਦਾ ਹੈ।) ਮੈਂ ਹੱਥ ਜੋੜ ਕੇ ਅਰਜ਼ ਕੀਤੀ ''ਧਰਮ ਵੇਚ ਕੇ ਧਨ ਨਹੀਂ ਲੈਣਾ ਚਾਹੁੰਦਾ'' ਬਾਬਾ ਜੀ ਨੇ ਫੁਰਮਾਇਆ "ਜੇ ਧਰਮ ਨਹੀਂ ਵੇਚਣਾ ਚਾਹੁੰਦਾ ਤਾਂ ਜਾਹ ਜਾ ਕੇ ਹੱਥੀਂ ਧਰਮ ਦੀ ਕਮਾਈ ਕਰ ਕੇ ਖਾਹ।'' ਬਾਬਾ ਜੀ ਦਾ ਇਸ਼ਾਰਾ ਸਮਝ ਕੇ ਮੈਂ ਵਾਹੀ ਦਾ ਕੰਮ ਸ਼ੁਰੂ ਕਰ ਲਿਆ।

ਦੂਸਰਾ ਇਮਤਿਹਾਨ- ਇਕ ਦਿਨ ਮੇਰੇ ਇਕ ਪਾਦਰੀ ਦੋਸਤ ਮੈਨੂੰ ਮਿਲਣ ਲਈ ਆਏ। ਘਰੋਂ ਉਹਨਾਂ ਨੂੰ ਪਤਾ ਲੱਗਾ ਕਿ ਮੈਂ ਖੂਹ ਤੇ ਹਾਂ। ਉਹ ਖੂਹ ਨੂੰ ਆਉਣ ਵਾਲੀ ਸੜਕੇ ਪੈ ਕੇ ਖੂਹ ਵੱਲ ਨੂੰ ਜਾ ਰਹੇ ਸਨ। ਮੈਂ ਵੀ ਉਧਰੋਂ ਸਿਰ ਤੇ ਪੱਠੇ ਚੁੱਕੀ ਆ ਰਿਹਾ ਸਾਂ। ਮੈਂ ਉਹਨਾਂ ਨੂੰ ਵੇਖ ਕੇ ਇਕ ਰੁੱਖ ਹੇਠਾਂ ਪੰਡ ਸੁੱਟ ਦਿੱਤੀ ਤੇ ਅਸੀਂ ਦੋਵੇਂ ਬੈਠ ਗਏ। ਪਰ ਭਾਰ ਚੁੱਕਣ ਕਰਕੇ ਮੇਰੀ ਧੌਣ ਸਿੱਧੀ ਨਾ ਹੋਈ। ਇਹ ਵੇਖ ਕੇ ਮੇਰੇ ਪਾਦਰੀ ਦੋਸਤ ਨੇ ਕਿਹਾ, "ਮੈਨੂੰ ਅੱਜ ਤੁਹਾਡੀ ਹਾਲਤ ਵੇਖ ਕੇ ਬੜਾ ਦੁੱਖ ਹੋਇਆ ਹੈ।'' ਮੈਂ ਕਿਹਾ, ''ਕਦੇ ਭਾਰ ਨਹੀਂ ਚੁੱਕਿਆ। ਕੋਈ ਨਹੀਂ ਹੌਲੀ-ਹੌਲੀ ਆਦਤ ਪੈ ਜਾਵੇਗੀ।'' ਉਹਨਾਂ ਫੁਰਮਾਇਆ "ਅਜਿਹੀ ਆਦਤ ਬਣਾਉਣ ਦੀ ਕੋਈ ਲੋੜ ਨਹੀਂ। ਮੈਂ ਤੁਹਾਡੇ ਕਰਜ਼ੇ ਤੇ ਦੂਸਰੇ ਖਰਚ ਦਾ ਬੰਦੋਬਸਤ ਕਰ ਦੇਂਦਾ ਹਾਂ। ਯਸੂਹ ਦੀ ਤੁਸੀਂ ਇੱਜ਼ਤ ਤਾਂ ਪਹਿਲਾਂ ਤੋਂ ਹੀ ਕਰਦੇ ਹੋ। ਸੋ ਤੁਸੀਂ ਇਸੇ ਤਰ੍ਹਾਂ ਸਿੱਖੀ ਜਾਮੇ ਵਿਚ ਰਹਿੰਦੇ ਹੋਏ ਦਿਲੋਂ ਆਪਣੇ ਆਪ ਨੂੰ ਇਸਾਈ ਸਮਝ ਲਵੋ।''

ਇਹ ਸੁਣ ਕੇ ਮੈਨੂੰ ਬੜਾ ਗੁੱਸਾ ਆਇਆ ਤੇ ਮੈਂ ਕ੍ਰੋਧ ਵਿਚ ਕਿਹਾ, "ਜੇ ਮੈਂ ਮਿਸ਼ਨ ਦੇ ਜੂਠੇ ਟੁਕੜੇ ਹੀ ਖਾਣੇ ਹੁੰਦੇ ਤਾਂ ਮੈਨੂੰ ਆਪਣੀ ਜਾਇਦਾਦ ਖਰਚ ਕਰਨ ਦੀ ਕੀ ਲੋੜ ਸੀ?''

ਖੈਰ ਮੇਰੇ ਗੁੱਸੇ ਨੂੰ ਠੰਡਾ ਕਰਕੇ ਉਸ ਨੇ ਖਿਮਾ ਮੰਗੀ। ਅੱਜਕੱਲ੍ਹ ਦੇ ਸਿਆਣੇ ਸਿਆਸਤਦਾਨ, ਸ਼ਾਹੂਕਾਰ ਤੇ ਪਾਦਰੀ ਤੋਂ ਰੁਪਿਆ ਨਾ ਲੈਣ ਨੂੰ ਬੇਵਕੂਫੀ ਤੋਂ ਸਿਵਾ ਕੁਝ ਨਹੀਂ ਕਹਿਣਗੇ।

ਸ਼ਾਹੂਕਾਰ ਤੇ ਪਾਦਰੀ ਦਾ ਜ਼ਿਕਰ ਮੈਂ ਇਸ ਲਈ ਕੀਤਾ ਹੈ ਕਿ ਚਾਹੇ ਰੱਬ ਭਗਤੀ ਹੋਵੇ ਜਾਂ ਦੇਸ਼ ਭਗਤੀ, ਇਮਤਿਹਾਨ ਹਰ ਥਾਂ ਸਾਹਮਣੇ ਆਉਣੇ ਹਨ। ਜੇ ਰੁਪਏ ਦੇ ਜਾਲ ਵਿਚ ਫਸ ਜਾਓ ਤਾਂ ਆਤਮਾ ਕਤਲ ਹੋ ਜਾਂਦੀ ਹੈ। ਨਾ ਫਸੀਏ ਤਾਂ ਦੁੱਖ, ਮੁਸੀਬਤਾਂ ਸਾਹਮਣੇ ਆਉਂਦੇ ਹਨ। ਪਰ ਆਤਮਕ ਗਿਰਾਵਟ ਦੀ ਥਾਂ ਮੁਸੀਬਤਾਂ ਦਾ ਰਸਤਾ ਬਿਹਤਰ ਹੈ।

**ਰੋਟੀ ਦੀ ਭਾਲ ਵਿਚ ਅਮਰੀਕਾ ਨੂੰ**

ਅਖੀਰ ਜਦ ਵਾਹੀ ਦਾ ਸਖਤ ਕੰਮ ਨਾ ਚਲਾ ਸਕਿਆ ਤਾਂ ਵਿਚੇ ਹੀ ਛੱਡ ਕੇ ਮੈਂ 3 ਫਰਵਰੀ 1909 ਨੂੰ ਅਮਰੀਕਾ ਜਾਣ ਲਈ ਘਰੋਂ ਚੱਲ ਪਿਆ। ਉਹਨੀਂ ਦਿਨੀਂ ਪਾਸਪੋਰਟ ਨਹੀਂ ਸੀ ਹੁੰਦੇ। ਹਰ ਇਕ ਨੂੰ ਜਾਣ ਦੀ ਖੁੱਲ੍ਹ ਸੀ। ਮੇਰੇ ਘਰੋਂ ਤੁਰਨ ਵੇਲੇ ਮੇਰੇ ਧਰਮ ਮਾਤਾ ਜੀ ਤਾਂ ਬੇਹੋਸ਼ ਹੋ ਗਏ। ਮੇਰੀ ਜਨਨੀ ਮਾਤਾ ਤੇ ਪਤਨੀ ਖੜ੍ਹੀਆਂ ਰੋ ਰਹੀਆਂ ਸਨ। ਇਹੀ ਝਾਕੀ ਅਤੀ ਦੁਖਦਾਇਕ ਸੀ।ਮੇਰੇ ਬਗੈਰ ਘਰ ਵਿਚ ਨਾ ਕੋਈ ਭਾਈ ਸੀ ਤੇ ਨਾ ਕੋਈ ਬੇਟਾ ਤੇ ਜਾਇਦਾਦ ਵੀ ਮੈਂ ਖਤਮ ਕਰ ਚੁੱਕਿਆ ਸਾਂ, ਜਿਸ ਦੇ ਆਸਰੇ ਇਹ ਦਿਨ ਕੱਟ ਸਕਦੀਆਂ। ਸਿਰਫ ਪੰਜ ਵਿਘੇ (ਢਾਈ ਏਕੜ) ਜ਼ਮੀਨ ਬਚੀ ਹੋਈ ਸੀ। ਦੂਜੇ ਪਾਸੇ ਮੇਰੇ ਸਾਹਮਣੇ ਵਿਦੇਸ਼ ਜਾਣ ਬਗੈਰ ਹੋਰ ਕੋਈ ਰਾਹ ਨਹੀਂ ਸੀ। ਅਖੀਰ ਦਿਲ ਪੱਥਰ ਕਰ ਕੇ ਮੈਂ ਅਮਰੀਕਾ ਜਾਣ ਲਈ ਘਰੋਂ ਚੱਲ ਪਿਆ।

ਅਸੀਂ ਅੱਠ ਆਦਮੀ ਅਮਰੀਕਾ ਜਾਣ ਲਈ ਪੰਜਾਬ ਤੋਂ ਚੱਲੇ। ਹਾਂਗਕਾਂਗ ਤੋਂ ਅਮਰੀਕਾ ਜਾਣ ਵਾਲਾ ਜਹਾਜ਼ ਬਦਲਣਾ ਪੈਂਦਾ ਸੀ। ਪਰ ਪਹਿਲਾਂ ਅੱਖਾਂ ਦੀ ਡਾਕਟਰੀ ਹੁੰਦੀ ਸੀ ਤੇ ਪਾਸ ਹੋਣ ਵਾਲਿਆਂ ਨੂੰ ਹੀ ਜਹਾਜ਼ ਦੀ ਟਿਕਟ ਮਿਲਦੀ ਸੀ। ਕੁਕਰਿਆਂ ਦੀ ਬਿਮਾਰੀ ਵਾਲੇ ਨੂੰ ਫੇਲ੍ਹ ਕਰ ਦਿੰਦੇ ਸਨ। ਗਰਮ ਦੇਸ਼ਾਂ ਵਿਚ ਰਹਿਣ ਵਾਲਿਆਂ ਨੂੰ ਆਮ ਕਰਕੇ ਕੁਕਰਿਆਂ ਦੀ ਬਿਮਾਰੀ ਹੋ ਜਾਂਦੀ ਹੈ। ਮੇਰੇ ਸੱਤ ਸਾਥੀ ਫੇਲ੍ਹ ਹੋਏ ਅਤੇ ਇਕੱਲਾ ਮੈਂ ਹੀ ਪਾਸ ਹੋਇਆ।

ਹਾਂਗਕਾਂਗ ਵਿਚ ਰਹਿਣ ਵਾਲੇ ਕਈ ਪੰਜਾਬੀਆਂ ਨੇ ਕਿਹਾ ਕਿ ਸਫਰ ਲੰਮਾ ਹੈ, ਇਕੱਲੇ ਨਾ ਜਾਓ। ਹੋ ਸਕਦਾ ਹੈ ਦੂਸਰੇ ਕਿਸੇ ਜਹਾਜ਼ ਵਿਚ ਕੋਈ ਹੋਰ ਸਾਥੀ ਮਿਲ ਜਾਵੇ। ਪਰ ਮੈਂ ਉਥੇ ਬੈਠਣਾ ਮੁਨਾਸਬ ਨਾ ਸਮਝਿਆ ਤੇ ਇਕ ਜਾਪਾਨੀ ਜਹਾਜ਼ ਜੋ ਚੱਲਣ ਵਾਲਾ ਸੀ, ਉਸ ਵਿਚ ਬੈਠ ਗਿਆ। ਮੁਸ਼ਕਿਲ ਇਹ ਸੀ ਕਿ ਮੈਂ ਰੋਟੀ ਪਕਾਉਣੀ ਨਹੀਂ ਜਾਣਦਾ ਸੀ। ਅਸਾਨੀ ਇਹ ਸੀ ਕਿ ਮੈਂ ਛੂਤ-ਛਾਤ ਨੂੰ ਨਹੀਂ ਮੰਨਦਾ ਸਾਂ। ਜਾਪਾਨੀ ਕੰਪਨੀ ਮੁਸਾਫਰਾਂ ਨੂੰ ਚਾਵਲ ਅਤੇ ਮੱਛੀ ਖਾਣ ਨੂੰ ਦਿੰਦੀ ਸੀ। ਪਰ ਮੈਂ ਉਹਨੀਂ ਦਿਨੀਂ ਮਾਸ ਤੇ ਨਮਕ ਨਹੀਂ ਖਾਂਦਾ ਸਾਂ। ਇਸ ਲਈ ਮੈਂ ਆਪਣੇ ਨਾਲ ਬਿਸਕੁਟ, ਘਿਓ ਅਤੇ ਚੀਨੀ ਆਪਣੇ ਖਾਣ ਲਈ ਰੱਖ ਲਈ। ਪੱਕੇ ਹੋਏ ਚਾਵਲ ਮੈਂ ਕੰਪਨੀ ਤੋਂ ਲੈ ਕੇ ਘਿਓ ਖੰਡ ਪਾ ਕੇ ਖਾ ਲੈਂਦਾ। ਇਸ ਤਰ੍ਹਾਂ ਮੈਂ ਇਕ ਮਹੀਨੇ ਦਾ ਸਫਰ ਤੈਅ ਕਰ ਲਿਆ। ਮੇਰੇ ਪਾਸ ਪੰਜਾਬੀ-ਅੰਗਰੇਜ਼ੀ ਸ਼ਬਦਕੋਸ਼ (ਡਿਕਸ਼ਨਰੀ) ਸੀ ਜਿਸ ਵਿਚ ਮੋਟੀਆਂ ਮੋਟੀਆਂ ਜ਼ਰੂਰੀ ਚੀਜ਼ਾਂ ਦੇ ਅੰਗਰੇਜ਼ੀ ਨਾਂ ਵੀ ਯਾਦ ਕਰ ਲਏ।

ਇਸ ਯਾਤਰਾ ਦੀ ਇਕ ਗੱਲ ਦੱਸਣ ਵਾਲੀ ਹੈ। ਯੋਕੋਹਾਮਾ (ਜਾਪਾਨ) ਤੋਂ ਚਾਰ ਰੂਸੀ ਮੁਸਾਫਿਰ ਮੇਰੇ ਵਾਲੇ ਜਹਾਜ਼ ਵਿਚ ਸਵਾਰ ਹੋਏ। ਉਹਨਾਂ ਦੇ ਬੈਡ (ਬਿਸਤਰ) ਵੀ ਮੇਰੇ ਨਾਲ ਸਨ। ਅਸੀਂ ਡਿਕਸ਼ਨਰੀ ਦੀ ਸਹਾਇਤਾ ਨਾਲ ਟੁੱਟੀ-ਭੱਜੀ ਕੰਮ ਟਪਾਊ ਅੰਗਰੇਜ਼ੀ ਵਿਚ ਕੰਮ ਸਾਰਨ ਲੱਗੇ। ਜ਼ਬਾਨ ਭਾਵੇਂ ਅਸੀਂ ਇਕ ਦੂਜੇ ਦੀ ਨਹੀਂ ਸਾਂ ਸਮਝਦੇ ਪਰ ਪਿਆਰ ਉਹਨਾਂ ਦਾ ਪ੍ਰਤੱਖ ਸੀ। ਘਰੋਂ ਬਾਹਰ ਨਿਕਲ ਕੇ ਕਈ ਬੜੇ ਪਿਆਰ ਵਾਲੇ ਲੋਕ ਮਿਲ ਜਾਂਦੇ ਹਨ। ਮੇਰੇ ਇਹ ਮੁਸਾਫਿਰ ਸਾਥੀ ਰੂਸ ਦੀ ਜ਼ਾਰਸ਼ਾਹੀ ਦੇ ਸਤਾਏ ਹੋਏ ਬੜੇ ਸੁੱਚੇ ਦੇਸ਼ ਭਗਤ ਸਨ- ਪਿਆਰ ਦੇ ਪੁਤਲੇ। ਬਾਅਦ ਵਿਚ ਰਾਜਸੀ ਕੰਮ ਵੇਲੇ ਉਹਨਾਂ ਦੀ ਯਾਦ ਕਈ ਵਾਰੀ ਆਉਂਦੀ ਰਹੀ।

ਅਖੀਰ 4 ਅਪ੍ਰੈਲ 1909 ਨੂੰ ਅਮਰੀਕਾ ਦੀ ਉਤਰੀ ਬੰਦਰਗਾਹ ਸਿਆਟਲ ਤੇ ਸਾਡਾ ਜਹਾਜ਼ ਜਾ ਲੱਗਾ। ਡਾਕਟਰੀ ਤਾਂ ਪਾਸ ਹੋ ਗਿਆ। ਹੁਣ ਮਹਿਕਮਾ ਇਮੀਗਰੇਸ਼ਨ ਜਿਹੜਾ ਕਿ ਵਿਦੇਸ਼ੀ ਮੁਸਾਫਰਾਂ ਦੀ ਪੁੱਛਗਿੱਛ ਕਰਦਾ ਸੀ, ਉਹਦੇ ਸਾਹਮਣੇ ਪੇਸ਼ ਹੋਇਆ। ਮੈਂ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਉਹਨਾਂ ਨੂੰ ਕਿਹਾ ਕਿ ਮੈਂ ਅੰਗਰੇਜ਼ੀ ਨਹੀਂ ਬੋਲ ਸਕਦਾ। ਇਸ ਲਈ ਉਹਨਾਂ ਨੂੰ ਦੋ-ਭਾਸ਼ੀਏ ਦੀ ਲੋੜ ਸੀ।

ਮੇਰੇ ਉਹ ਦੋਸਤ ਜਿਨ੍ਹਾਂ ਮੈਨੂੰ ਮੰਗਾਇਆ ਸੀ, ਜਹਾਜ਼ ਤੇ ਮੈਨੂੰ ਲੈਣ ਆਏ ਹੋਏ ਸਨ। ਮੇਰੇ ਦੋਸਤ ਨੂੰ ਵੇਖ ਕੇ ਮਹਿਕਮੇ ਵਾਲਿਆਂ ਨੇ ਉਹਨਾਂ ਨੂੰ ਕਿਹਾ ਕਿ ਉਹ ਮੈਨੂੰ ਆਪਣੀ ਬੋਲੀ ਵਿਚ ਗੱਲ ਸਮਝਾ ਦੇਣ। (ਕਿਉਂਕਿ ਮੈਂ ਅੰਗਰੇਜ਼ੀ ਨਹੀਂ ਜਾਣਦਾ ਸੀ।) ਇਹ ਗੱਲ ਮੇਰੇ ਲਈ ਲਾਭਦਾਇਕ ਸਿੱਧ ਹੋਈ ਕਿਉਂਕਿ ਉਹਨਾਂ ਮੈਨੂੰ ਪੰਜਾਬੀ ਵਿਚ ਸਮਝਾ ਦਿੱਤਾ ਕਿ ਇਹ ਨਾ ਕਹੀਂ ਮੈਨੂੰ ਕਿਸੇ ਦੋਸਤ ਨੇ ਚਿੱਠੀ ਭੇਜ ਕੇ ਮੰਗਾਇਆ ਹੈ।

ਸਵਾਲ- ਤੂੰ ਅਮਰੀਕਾ ਵਿਚ ਕਿਉਂ ਆਇਆ?
ਜਵਾਬ- ਮਜ਼ਦੂਰੀ ਲਈ।
ਸਵਾਲ- ਅਮਰੀਕਾ ਤੋਂ ਕਿਸੇ ਦੋਸਤ ਨੇ ਤੈਨੂੰ ਖਤ ਭੇਜਿਆ?
ਜਵਾਬ- ਨਹੀਂ
ਸਵਾਲ- ਤੁਹਾਡੇ ਪਿੰਡ, ਰਿਸ਼ਤੇਦਾਰੀਆਂ ਤੇ ਦੇਸ਼ ਵਿਚ ਦੋ ਸ਼ਾਦੀਆਂ ਦਾ ਰਿਵਾਜ ਹੈ?
ਜਵਾਬ- ਹਾਂ।
ਸਵਾਲ- ਤਾਂ ਫਿਰ ਤੁਸੀਂ ਕਿਸ ਤਰ੍ਹਾਂ ਕਹਿ ਸਕਦੇ ਹੋ ਕਿ ਤੁਸੀਂ ਦੋ ਸ਼ਾਦੀਆਂ ਦੇ ਹੱਕ ਵਿਚ ਨਹੀਂ ਹੋ?
ਜਵਾਬ- (ਇਹਦਾ ਜਵਾਬ ਦੇਣਾ ਮੇਰੇ ਲਈ ਕੋਈ ਮੁਸ਼ਕਿਲ ਨਹੀਂ ਸੀ, ਕਿਉਂਕਿ ਬਾਬਾ ਜੀ ਦੋ ਸ਼ਾਦੀਆਂ ਦੇ ਖਿਲਾਫ ਸਨ। ਇਸ ਸਵਾਲ ਤੋਂ ਬਹੁਤ ਆਦਮੀ ਫੇਲ੍ਹ ਕਰਕੇ ਵਾਪਸ ਭੇਜ ਦਿੱਤੇ ਗਏ ਸਨ। ਮੈਂ ਦ੍ਰਿੜਤਾ ਨਾਲ ਜਵਾਬ ਦਿੱਤਾ) ਹਰ ਇਕ ਇਨਸਾਨ ਦਾ ਹੱਕ ਹੈ ਕਿ ਸਮਾਜ ਦੇ ਜਿਸ ਰਸਮ ਰਿਵਾਜ ਨੂੰ ਗਲਤ ਸਮਝੇ ਉਸ ਤੇ ਅਮਲ ਨਾ ਕਰੇ।
ਸਵਾਲ- ਜੇ ਕੰਮ ਨਾ ਮਿਲਿਆ ਤਾਂ ਬੇਕਾਰੀ ਦੀ ਹਾਲਤ ਵਿਚ ਕੀ ਕਰੋਗੇ?
ਜਵਾਬ- ਮੈਂ ਪੰਜ ਸੌ ਰੁਪਏ ਕੱਢ ਕੇ ਮੇਜ਼ ਤੇ ਰੱਖ ਦਿੱਤੇ, ਇਹਦੇ ਤੇ ਗੁਜ਼ਾਰਾ ਕਰਾਂਗਾ। (ਇਹ ਰੁਪਿਆ ਅਮਰੀਕਾ ਵਾਲੇ ਦੋਸਤ ਨੇ ਮੈਨੂੰ ਭੇਜਿਆ ਸੀ।)

ਜਦ ਮੈਂ ਸਵਾਲਾਂ ਦੇ ਜਵਾਬ ਠੀਕ-ਠੀਕ ਦੇ ਦਿੱਤੇ ਤਾਂ ਮਹਿਕਮੇ ਵਾਲਿਆਂ ਨੂੰ ਸ਼ੱਕ ਹੋਇਆ ਕਿ ਕਿਤੇ ਦੋ-ਭਾਸ਼ੀਏ ਨੇ ਆਪਣੇ ਵੱਲੋਂ ਹੀ ਬਣਾ ਕੇ ਇਹ ਜਵਾਬ ਤਾਂ ਨਹੀਂ ਦੇ ਦਿੱਤੇ? ਉਸ ਦਿਨ ਉਹਨਾਂ ਨੇ ਮੈਨੂੰ ਉਤਰਨ ਦੀ ਆਗਿਆ ਨਾ ਦਿੱਤੀ। ਅਗਲੇ ਦਿਨ ਮਹਿਕਮੇ ਵਾਲਿਆਂ ਨੇ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਨੂੰ ਦੋ-ਭਾਸ਼ੀਏ ਵਜੋਂ ਬੁਲਾਇਆ ਜੋ ਉਹਨੀਂ ਦਿਨੀਂ ਸਿਆਟਲ ਯੂਨੀਵਰਸਿਟੀ ਵਿਚ ਪੜ੍ਹਦੇ ਸਨ। ਫਿਰ ਪਹਿਲੇ ਦਿਨ ਵਾਲੇ ਸਵਾਲ ਪੁੱਛੇ। ਮੈਂ ਪਹਿਲੇ ਦਿਨ ਵਾਲੇ ਹੀ ਜਵਾਬ ਦੇ ਦਿੱਤੇ। ਆਪਣੇ ਮਿੱਤਰ ਦੇ ਕਹਿਣ ਅਨੁਸਾਰ ਮੈਂ ਭਾਰਤ ਤੋਂ ਸੁੰਦਰ ਮੁਰਾਦਾਬਾਦੀ ਬਰਤਨ ਤੇ ਫੁਲਕਾਰੀਆਂ ਵੀ ਲੈ ਕੇ ਆਇਆ ਹੋਇਆ ਸਾਂ। ਲੋਕਾਂ ਦੀ ਭੀੜ ਜੁੜੀ ਹੋਈ ਸੀ, ਮੈਂ ਇਕ-ਇਕ ਕੱਪੜਾ ਕੱਢ ਕੇ ਲੋਕਾਂ ਨੂੰ ਵਿਖਾਉਣ ਲੱਗਾ ਤੇ ਕਿਹਾ ਕਿ ਮੈਂ ਤਾਂ ਕਲਾ ਦੀਆਂ ਸੁੰਦਰ ਚੀਜ਼ਾਂ ਦਾ ਵਪਾਰੀ ਹਾਂ। ਲੋਕਾਂ ਦੀ ਦਿਲਚਸਪੀ ਵੇਖ ਕੇ ਮਹਿਕਮੇ ਵਾਲਿਆਂ ਹੋਰ ਕੋਈ ਅੜਿੱਕਾ ਨਾ ਡਾਹਿਆ ਤੇ ਅਖੀਰ 5 ਅਪ੍ਰੈਲ 1909 ਨੂੰ ਮੈਨੂੰ ਅਮਰੀਕਾ ਉਤਰਨ ਦੀ ਆਗਿਆ ਮਿਲ ਗਈ। ਬਾਬੂ ਹਰਨਾਮ ਸਿੰਘ ਮੇਰੇ ਦੋਸਤ ਤੇ ਚੰਗੇ ਜਾਣੂ ਸਨ। ਸੋ ਰਾਤ ਉਹਨਾਂ ਕੋਲ ਹੀ ਰਿਹਾ।

ਬਾਬੂ ਹਰਨਾਮ ਸਿੰਘ ਇਕ ਉੱਚ ਕੋਟੀ ਦੇ ਦੇਸ਼-ਭਗਤ ਸਨ। ਉਹਨਾਂ ਨੇ 1906-07 ਦੇ ਐਜੀਟੇਸ਼ਨ ਬਾਰੇ ਕਈ ਗੱਲਾਂ ਪੁੱਛੀਆਂ।

1906-07 ਦਾ ਜ਼ਮੀਨੀ ਐਜੀਟੇਸ਼ਨ:- 1906-07 ਦਾ ਜ਼ਮੀਨੀ ਐਜੀਟੇਸ਼ਨ ਜਿਹੜਾ ਕਿ ਸੰਦਲ, ਦੁਲਾਬਾਰ, ਸਾਹੀਵਾਲ ਅਤੇ ਨੀਲੀਬਾਰ ਦੇ ਆਬਾਦ ਹੋ ਜਾਣ ਪਿੱਛੋਂ ਅੰਗਰੇਜ਼ਾਂ ਦੀ ਬਦਨੀਤੀ ਕਾਰਨ ਸਾਰੇ ਪੰਜਾਬ ਵਿਚ ਫੈਲਿਆ, ਉਸ ਬਾਰੇ ਕੁਝ ਕਹਿਣਾ ਜ਼ਰੂਰੀ ਹੈ। ਜਦ ਅੰਗਰੇਜ਼ਾਂ ਨੇ ਕਿਸਾਨਾਂ ਤੋਂ ਇਹ ਬੰਜਰ ਜ਼ਮੀਨਾਂ ਆਬਾਦ ਕਰਵਾ ਲਈਆਂ ਅਤੇ ਜ਼ਮੀਨ ਆਮਦਨ ਦੇਣ ਲੱਗੀ ਤਦ ਅੰਗਰੇਜ਼ ਦੀ ਨੀਅਤ ਫਿਰ ਗਈ। ਫਿਰ ਕਾਨੂੰਨ ਬਣਾ ਦਿੱਤਾ ਕਿ ਕੋਈ ਆਬਾਦਕਾਰ ਬਗੈਰ ਸਰਕਾਰੀ ਆਗਿਆ ਦੇ ਆਪਣੀ ਜ਼ਮੀਨ ਦੇ ਵਿਚੋਂ ਰੁੱਖ ਨਹੀਂ ਵੱਢ ਸਕਦਾ। ਜਿਸਦਾ ਮਤਲਬ ਸੀ ਕਿ ਜ਼ਮੀਨ ਮਾਲਕ ਆਬਾਦਕਾਰ ਕਿਸਾਨ ਨਹੀਂ ਬਲਕਿ ਸਰਕਾਰ ਹੈ। ਅੰਗਰੇਜ਼ ਦੀ ਨੀਅਤ ਸੀ ਕਿ ਇਸ ਕਾਨੂੰਨ ਰਾਹੀਂ ਆਬਾਦਕਾਰਾਂ ਨੂੰ ਕਮਜ਼ੋਰ ਕਰਕੇ ਇੱਥੇ ਅੰਗਰੇਜ਼ ਜ਼ਿੰਮੀਦਾਰ ਇਹਨਾਂ ਦੇ ਉਪਰ ਲਿਆ ਬਿਠਾਏ ਜਾਣ ਅਤੇ ਆਬਾਦਕਾਰ ਮੁਜ਼ਾਰੇ ਬਣਾ ਕੇ ਇਹਨਾਂ ਦੇ ਹੇਠ ਰੱਖੇ ਜਾਣ। ਇਸ ਤਰ੍ਹਾਂ ਇਸ ਜ਼ਮੀਨ ਦੀ ਆਮਦਨੀ ਦਾ ਫਾਇਦਾ ਉਠਾਇਆ ਜਾਵੇ। ਕੁਝ ਪੜ੍ਹੇ-ਲਿਖੇ ਨੌਜਵਾਨਾਂ ਨੇ ਇਸ ਕਾਨੂੰਨ ਨੂੰ ਚੈਲਿੰਜ ਮੰਨਿਆ ਅਤੇ ਅੰਗਰੇਜ਼ਾਂ ਦੀ ਨੀਅਤ ਦਾ ਅੰਦਾਜ਼ਾ ਲਾਇਆ। ਭਾਰਤ ਮਾਤਾ ਸੁਸਾਇਟੀ ਬਣਾਈ ਗਈ ਜਿਸ ਦੇ ਆਗੂ ਲਾਲਾ ਲਾਜਪਤ ਰਾਏ, ਸੂਫੀ ਅੰਬਾ ਪ੍ਰਸ਼ਾਦ, ਸ: ਅਜੀਤ ਸਿੰਘ ਤੇ ਉਹਨਾਂ ਦੇ ਹੋਰ ਸਾਥੀ ਸਨ। ਉਹਨਾਂ ਨੇ ਇਹ ਅੰਦੋਲਨ ਆਪਣੇ ਹੱਕਾਂ ਵਿਚ ਲਿਆ। ਇਸ ਦਾ ਖਾਸਾ ਕਾਨੂੰਨੀ ਤੇ ਸੁਧਾਰਵਾਦੀ ਸੀ। ਪਰ ਉਹਨੀਂ ਦਿਨੀਂ ਕਾਨੂੰਨ ਅੰਦੋਲਨ ਵੀ ਮਹੱਤਤਾ ਰੱਖਦਾ ਸੀ। ਇਸ ਲਹਿਰ ਦਾ ਅਸਰ ਸਾਰੇ ਪੰਜਾਬ ਵਿਚ ਹੋਇਆ। ਕਿਉਂਕਿ ਬਾਰ ਵਿਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਕਿਸਾਨ ਆ ਕੇ ਆਬਾਦ ਹੋਏ ਸਨ।

ਜਦ ਐਜੀਟੇਸ਼ਨ ਪੂਰੇ ਜ਼ੋਰਾਂ ਤੇ ਸੀ ਤਾਂ ਲਾਇਲਪੁਰ ਦੇ ਨੇੜੇ ਲੋਕਾਂ ਨੇ ਜੋਸ਼ ਵਿਚ ਆ ਕੇ ਰੇਲ ਦੀਆਂ ਪਟੜੀਆਂ ਉਖਾੜ ਦਿੱਤੀਆਂ।ਪਿੰਡਾਂ ਵਿਚ 'ਪਗੜੀ ਸੰਭਾਲ ਜੱਟਾ' ਜਿਹੇ ਗੀਤ ਤੇ ਸਾਹਿਤ ਨੇ ਅਸਰ ਪਾਇਆ। ਅੰਗਰੇਜ਼ਾਂ ਵਿਰੁੱਧ ਜਦ ਕਾਫੀ ਘਿਰਣਾ ਵਧਣ ਲੱਗੀ ਤਾਂ ਉਹਨਾਂ ਇਹ ਕਾਨੂੰਨ ਵਾਪਸ ਲੈ ਲਿਆ। ਪਰ ਦੁੱਖ ਦੀ ਗੱਲ ਇਹ ਹੈ ਕਿ ਸੂਫੀ ਅੰਬਾ ਪ੍ਰਸ਼ਾਦ ਤੇ ਸ: ਅਜੀਤ ਸਿੰਘ (ਸ: ਭਗਤ ਸਿੰਘ ਦੇ ਚਾਚਾ ਜੀ) ਜਿਹਨਾਂ ਨੇ ਸਾਰੀ ਉਮਰ ਜਲਾਵਤਨੀ ਦੀ ਹਾਲਤ ਵਿਚ ਬਿਤਾਈ, ਜਿਹਨਾਂ ਨੇ ਅੰਗਰੇਜ਼ ਸਾਹਮਣੇ ਦੇਸ਼ ਤੇ ਕੌਮ ਦਾ ਸਿਰ ਉੱਚਾ ਰੱਖਿਆ, ਇਕ ਵਾਰੀ ਵੀ ਅੰਗਰੇਜ਼ ਤੋਂ ਨਰਮੀ ਦੀ ਮੰਗ ਨਾ ਕੀਤੀ, ਉਹਨਾਂ ਦਾ ਹਿੰਦ ਦੇ ਇਤਿਹਾਸ ਵਿਚ ਕਾਂਗਰਸ ਨੇ ਕੋਈ ਜ਼ਿਕਰ ਨਹੀਂ ਕੀਤਾ ਅਤੇ ਨਾ ਹੀ ਉਹਨਾਂ ਦੀ ਕੋਈ ਯਾਦਗਾਰ ਬਣਾਈ ਹੈ। ਉਹਨਾਂ ਦਾ ਨਾਂ ਤੱਕ ਵੀ ਨੌਜਵਾਨਾਂ ਸਾਹਮਣੇ ਨਹੀਂ ਆਇਆ। ਬਾਬੂ ਹਰਨਾਮ ਸਿੰਘ ਹੋਰਾਂ ਨੂੰ, ਜੋ ਵੀ ਮੈਂ ਇਸ ਐਜੀਟੇਸ਼ਨ ਬਾਰੇ ਜਾਣਦਾ ਸਾਂ, ਦੱਸਿਆ ਤੇ ਉਹ ਬੜੇ ਖੁਸ਼ ਹੋਏ। ਜ਼ਿਆਦਾ ਤਾਂ ਨਹੀਂ ਪਰ ਕੁਝ ਨਾ ਕੁਝ ਕੰਮ ਮੈਂ ਪਿੰਡਾਂ ਵਿਚ ਕੀਤਾ ਸੀ ਤੇ ਉਸ ਦੇ ਨਾਲ ਹੀ ਜੋ ਸਾਹਿਤ ਨਿਕਲਦਾ ਉਹ ਪੜ੍ਹਦਾ ਵੰਡਦਾ ਤੇ ਦੂਸਰਿਆਂ ਨੂੰ ਸੁਣਾਉਂਦਾ। ***(ਚਲਦਾ)***




## ਸਫ਼ਾ 10 ਦੀ ਬਾਕੀ

# ਚਾਰ ਕੀਮਤੀ ਗੱਲਾਂ

ਨ੍ਹਾਇਏ। ਵਪਾਰੀ ਭੀੜ ਤੋਂ ਕਾਫ਼ੀ ਦੂਰ, ਇਕੱਲਾ ਜਾ ਕੇ ਇਸ਼ਨਾਨ ਕਰਦਾ। ਇਸ਼ਨਾਨ ਕਰਨ ਤੋਂ ਬਾਅਦ ਜਦੋਂ ਵਪਾਰੀ ਕਪੜੇ ਪਹਿਨਣ ਲੱਗਦਾ ਤਾਂ ਉਸਦਾ ਬਟੂਆ ਡਿੱਗ ਪੈਂਦਾ। ਹਾਲੇ ਵਪਾਰੀ ਉਸ ਥਾਂ ਤੋਂ ਕੁਝ ਕਦਮ ਹੀ ਅਗਾਂਹ ਤੁਰਿਆ ਹੁੰਦਾ ਕਿ ਉਸਨੂੰ ਬਟੂਏ ਦਾ ਖਿਆਲ ਆਉਂਦਾ। ਵਪਾਰੀ ਵਾਪਸ ਮੁੜ ਕੇ ਦੇਖਦਾ ਤਾਂ ਉਸਦਾ ਬਟੂਆ ਉਥੇ ਈ ਪਿਆ ਹੁੰਦਾ। ਵਪਾਰੀ ਨੂੰ ਬਟੂਆ ਮਿਲ ਜਾਂਦਾ। ਉਹ ਸੋਚਦਾ ਤੁਰਿਆ ਜਾਂਦਾ ਬਈ ਰਾਹੀ ਦੀਆਂ ਤਿੰਨ ਗੱਲਾਂ ਤਾਂ ਨੌ ਬਰ ਨੌ ਸੱਚੀਆਂ ਹੋ ਗਈਆਂ। ਵਪਾਰੀ ਅੱਗੇ ਕੀ ਦੇਖਦਾ ਬਈ ਇਕ ਜ਼ਨਾਨੀ, ਜਿਨ੍ਹੇ ਘੁੰਡ ਕੱਢਿਆ, ਕੋਲ ਪੰਜ ਸੱਤ ਮਹੀਨਿਆਂ ਦਾ ਬੋਟ ਆ, ਪਿੱਛੇ ਮੁੜ ਮੁੜ ਦੇਖਦੀ ਤੁਰੀ ਜਾਂਦੀ ਆ। ਵਪਾਰੀ ਨੇ ਵੀ ਉਸੇ ਰਸਤੇ ਜਾਣਾ ਹੁੰਦਾ। ਰਸਤਾ ਸੁੰਨਮ-ਸੁੰਨਾ ਆ। ਵਪਾਰੀ ਕੁਝ ਕਦਮ ਹੌਲੀ ਹੋ ਜਾਂਦਾ। ਅੱਗੇ ਜ਼ਨਾਨੀ ਕਾਹਲੇ ਕਦਮੀਂ ਰਸਤੇ ਤੋਂ ਇਕ ਪਾਸੇ ਹੋ ਕੇ ਆਪਣੇ ਆਸ਼ਕ ਨੂੰ ਮਿਲਣ ਲੱਗਦੀ ਆ। ਵਪਾਰੀ ਝਾੜ ਬੂਝੇ ਓਹਲੇ ਲੁਕ ਕੇ ਸਾਰਾ ਕੁਝ ਦੇਖਦਾ ਜਾਂਦਾ। ਜਦੋਂ ਉਹ ਆਪਣੇ ਦੁਨੀਆਂਦਾਰੀ ਦੇ ਕੰਮ ਕਰਨ ਲੱਗਦੇ ਆ ਤਾਂ ਬੱਚਾ ਰੋਣ ਲੱਗ ਪੈਂਦਾ। ਜ਼ਨਾਨੀ ਖਿਝ ਕੇ ਬੱਚੇ ਦਾ ਗਲਾ ਘੁੱਟ ਦਿੰਦੀ ਆ।

ਜਦੋਂ ਵਪਾਰੀ ਨੇ ਦੇਖਿਆ ਤਾਂ ਉਸ ਦੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ। ਉਸ ਨੂੰ ਰਾਹੀ ਦੀ ਚੌਥੀ ਗੱਲ ਵੀ ਸੱਚੀ ਜਾਪੀ। ਹੁਣ ਉਹ ਆਪਣੇ ਘਰ ਨੂੰ ਵਾਪਸ ਮੁੜ ਆਇਆ.

1. ਖੂਹ ਤਾਰਨਾ
2. ਤਾਰਾਂ-ਹੇਠਾਂ ਵਲ


# ਪੰਜਾਬੀ ਬਾਬੇ ਨੂੰ ਮਿਲਿਆ ਸਰਵਉੱਚ ਐਵਾਰਡ

**ਬ੍ਰਿਸਬੇਨ-** ਅਕਸਰ ਕਿਹਾ ਜਾਂਦਾ ਹੈ ਜੇ ਇਨਸਾਨ 'ਚ ਮਿਹਨਤ, ਲਗਨ ਅਤੇ ਦ੍ਰਿੜਤਾ ਦਾ ਜਜ਼ਬਾ ਹੋਵੇ ਤਾਂ ਉਮਰ ਦੇ ਕਿਸੇ ਵੀ ਪੜਾਅ 'ਚ ਕੋਈ ਵੀ ਕਾਰਜ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਦੀ ਮਿਸਾਲ ਮਿਲਦੀ ਹੈ ਆਸਟ੍ਰੇਲੀਆ ਦੇ ਸ਼ਹਿਰ ਬ੍ਰਿਸਬੇਨ 'ਚ ਜਿਥੇ 80 ਸਾਲਾ ਬਜ਼ੁਰਗ ਬਾਬਾ ਜੋਗਾ ਸਿੰਘ ਨੂੰ ਸਮਾਜ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਕਰਕੇ ਪਿਛਲੇ ਦਿਨੀਂ ਸ਼ਹਿਰ ਦੇ ਸਰਵਉਚ ਲੋਕਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਜੋਗਾ ਸਿੰਘ ਲਗਾਤਾਰ ਪਿਛਲੇ ਕਈ ਸਾਲਾਂ ਤੋਂ ਲੋੜਵੰਦ ਬੱਚਿਆਂ ਨੂੰ ਸਵੇਰ ਦਾ ਨਾਸ਼ਤਾ ਤਿਆਰ ਕਰਕੇ ਦੇ ਰਹੇ ਹਨ। ਰਾਨਕਿਨ ਤੋਂ ਮੌਜੂਦਾ ਸੰਸਦ ਮੈਂਬਰ ਜਿਮ ਚਾਲਮੇਰ ਨੇ ਜੋਗਾ ਸਿੰਘ ਵਲੋਂ ਸਮਾਜ ਦੀ ਬਿਨਾਂ ਕਿਸੇ ਸਵਾਰਥ ਤੋਂ ਕੀਤੀ ਜਾ ਰਹੀ ਸੇਵਾ ਦੀ ਖੂਬ ਪ੍ਰਸ਼ੰਸਾ ਕੀਤੀ ਅਤੇ ਭਰਵੇਂ ਸਮਾਗਮ 'ਚ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।



# ਤਿਉ ਤਿਉ ਸੈਲ ਕਰਹਿ ਜਿਉ ਭਾਵੈ।। ਮਹਰਮ ਮਹਲ ਨ ਕੋ ਅਟਕਾਵੈ।।

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ (ਸੈਂਟਰਲ ਵੈਲੀ) ਫਰਿਜਨੋ, ਕੈਲੀਫੋਰਨੀਆ ਵਿਖੇ ਦਿਨ ਐਤਵਾਰ, ਮਾਰਚ 1, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀਆਂ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।






**ਬੰਸੀ ਲਾਲ ਬੰਗੜ**
ਸਾਬਕਾ ਪ੍ਰਧਾਨ
ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ

**ਦੇਸ ਰਾਜ ਬੰਗੜ**
ਸਾਬਕਾ ਜਨਰਲ ਸਕੱਤਰ
ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ




# ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।



ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜਨੋ ਕੈਲੀਫੋਰਨੀਆ ਅਤੇ ਸਮੂਹ ਸੰਗਤ ਨੂੰ 1 ਮਾਰਚ ਨੂੰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ **ਲੱਖ-ਲੱਖ ਵਧਾਈਆਂ**

ਆਓ ਆਪਾਂ ਸਾਰੇ ਰਲ- ਮਿਲ ਕੇ ਫਰਿਜਨੋ, ਸੈਕਰਾਮੈਂਟੋ ਤੇ ਸੈਲਮਾ ਵਿਖੇ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਪੁਰਬ ਮੌਕੇ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



# Momi Hospitality Investment

5200 Olive Tree CT Bakersfield,Ca 93308
559-709-8838 Fax: 661-392-9099

**Rajinder Momi**

ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮ ਤੁਮ੍ਹਾਰੇ ਲੇਖੇ।

ਬੇਗਮਪੁਰਾ ਸਹਰ ਕੋ ਨਾਉ॥
ਦੂਖ ਅੰਦੋਹ ਨਹੀਂ ਤਿਹਿ ਠਾਉ॥





# 15ਵਾਂ ਮਹਾਨ ਸਾਲਾਨਾ ਨਗਰ ਕੀਰਤਨ

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਲੱਖ-ਲੱਖ ਵਧਾਈਆਂ।
15ਵਾਂ ਮਹਾਨ ਸਾਲਾਨਾ ਨਗਰ ਕੀਰਤਨ **8 ਮਾਰਚ 2015** ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਮਨਾਇਆ ਜਾ ਰਿਹਾ ਹੈ।
ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਮਹਾਨ ਸਾਲਾਨਾ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

## ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਪੂਰਨ ਗੁਰੂ ਮਰਿਆਦਾ ਹੇਠ ਮਨਾਇਆ ਜਾ ਰਿਹਾ ਹੈ।

ਨਗਰ ਕੀਰਤਨ ਦੀ ਖੁਸ਼ੀ ਵਿਚ ਆਰੰਭ ਸ੍ਰੀ ਅਖੰਡ ਪਾਠ ਸਾਹਿਬ
6 ਮਾਰਚ 2015, ਸਵੇਰੇ 8 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 8 ਮਾਰਚ, ਐਤਵਾਰ ਸਵੇਰੇ 8 ਵਜੇ
ਨਿਸ਼ਾਨ ਸਾਹਿਬ: 7 ਮਾਰਚ ਦਿਨ ਸ਼ਨੀਵਾਰ ਨੂੰ ਸ਼ਾਮੀ 3 ਵਜੇ ਚੜ੍ਹਾਏ ਜਾਣਗੇ
ਅਤੇ ਸ਼ਾਮ ਨੂੰ ਕੀਰਤਨ ਦਰਬਾਰ 6 ਵਜੇ ਤੋਂ 12 ਵਜੇ ਤੱਕ ਹੋਵੇਗਾ।

### ਨਗਰ ਕੀਰਤਨ ਵਿਚ ਜਾਂ ਗੁਰੂ ਘਰ ਵਿਖੇ ਕਿਸੇ ਵੀ ਤਰ੍ਹਾਂ ਦੀ ਸੇਵਾ ਲਈ ਸੰਪਰਕ ਕਰੋ ਜੀ:

ਗੁਰੂ ਘਰ- 916-992-1710
ਜੱਸੀ ਬੰਗਾ 916-796-5003
ਜੋਗਿੰਦਰ ਚੁੰਬਰ 916-582-1611
ਦਰਸ਼ਨ ਵਿਰਕ 916-228-0540
ਬਲਵਿੰਦਰ ਰੱਲ੍ਹ 916-425-2707
ਸਤਨਾਮ ਮੰਢਾਲੀ 916-803-0108
ਜੱਸੀ ਸ਼ੀਮਾਰ (ਪੀ. ਆਰ. ਓ.) 916-293-6030

### ਕਮੇਟੀ ਮੈਂਬਰ

ਚੇਅਰਮੈਨ- ਜਸਵਿੰਦਰ ਬੰਗਾ 916-796-5003
ਵਾਈਸ ਚੇਅਰਮੈਨ- ਦਰਸ਼ਨ ਵਿਰਕ 916-228-0540
ਪ੍ਰਧਾਨ- ਜੋਗਿੰਦਰ ਚੁੰਬਰ 916-582-1611
ਵਾਈਸ ਪ੍ਰਧਾਨ- ਸਤਨਾਮ ਮੰਢਾਲੀ 916-803-0108
ਵਾਈਸ ਪ੍ਰਧਾਨ- ਬਲਵਿੰਦਰ ਰੱਲ੍ਹ 916-425-2707
ਸਟੇਜ ਸੈਕਟਰੀ- ਜੀਵਨ ਰੱਤੂ 916-256-9393
ਸਟੇਜ ਸੈਕਟਰੀ- ਰਾਜ ਕੁਮਾਰ ਸੂਦ 916-698-3806
ਆਫਿਸ ਸੈਕਟਰੀ- ਰਾਜ ਬੱਧਣ 916-601-3842
ਕੈਸ਼ੀਅਰ- ਇੰਦਰਜੀਤ ਪਡਵੱਗਾ 916-276-2538
ਕੈਸ਼ੀਅਰ- ਸੁਰਿੰਦਰ ਮੱਲ 916-849-8530
ਕੈਸ਼ੀਅਰ- ਮਨਜੀਤ ਭਾਰਦਵਾਜ 916-743-5012
ਪੀ. ਆਰ. ਓ. ਮੀਡੀਆ- ਜਸਵਿੰਦਰ ਸ਼ੀਮਾਰ 916-293-6030
ਮੇਨਟੀਨੈਂਸ- ਕਰਨੈਲ ਵਿਰਕ 916-267-8774
ਮਨਜੀਤ ਪਾਲ 916-834-9371
ਕਿਚਨ ਮੈਨੇਜਰ- ਮਹਿੰਦਰ ਧਾਮੀ 916-470-9163

### ਲੰਗਰ ਵਰਤਾਉਣ ਅਤੇ ਹੋਰ ਸੇਵਾ ਦੇ ਲਈ ਗੁਰੂ ਘਰ ਨਾਲ ਸੰਪਰਕ ਕਰੋ ਜੀ।

### ਲੜੀਵਾਰ ਅਖੰਡ ਪਾਠ ਸਾਹਿਬ ਪ੍ਰੋਗਰਾਮਾਂ ਦਾ ਵੇਰਵਾ
### ਆਰੰਭ ਸ੍ਰੀ ਅਖੰਡ ਪਾਠ ਸਾਹਿਬ - ਭੋਗ ਸ੍ਰੀ ਅਖੰਡ ਪਾਠ ਸਾਹਿਬ

1. 27 ਫਰਵਰੀ 2015 ਤੋਂ 1 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ ਗੁਰੂ ਰਵਿਦਾਸ ਨੌਜਵਾਨ ਸਭਾ ਆਫ ਸੈਕਰਾਮੈਂਟੋ ਵੱਲੋਂ
2. 2 ਮਾਰਚ 2015 ਤੋਂ 4 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ ਜੱਸੀ ਬੰਗਾ ਅਤੇ ਸਮੂਹ ਬੰਗਾ ਪਰਿਵਾਰ ਵੱਲੋਂ
3. 4 ਮਾਰਚ 2015 ਤੋਂ 6 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ ਸੰਗਤ: ਸ੍ਰੀ 108 ਸੰਤ ਬਾਬਾ ਦਰਸ਼ਨ ਦਾਸ ਜੀ ਨਗਰ ਬਰਸੀ ਸਮਾਗਮ
4. 6 ਮਾਰਚ 2015 ਤੋਂ 8 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ 15ਵੇਂ ਵਿਸਾਲ ਨਗਰ ਕੀਰਤਨ ਸਮੂਹ ਸੈਕਰਾਮੈਂਟੋ ਸੰਗਤ ਵੱਲੋਂ ਕੀਤੀ ਜਾਵੇਗੀ

**ਨੋਟ- ਨਗਰ ਕੀਰਤਨ ਵਾਲੇ ਦਿਨ ਅਮਰੀਕਾ ਵਿਚ ਘੜੀ ਦੀਆਂ ਸੂਈਆਂ ਇਕ ਘੰਟਾ ਅੱਗੇ ਹੋ ਜਾਣਗੀਆਂ**

ਹੋਰ ਜਾਣਕਾਰੀ ਲਈ ਪ੍ਰਬੰਧਕ ਕਮੇਟੀ ਜਾਂ ਭਾਈ ਨਿਰਮਲ ਸਿੰਘ ਅਤੇ ਭਾਈ ਜਸਪਾਲ ਸਿੰਘ ਨਾਲ 916-992-1710 (ਗੁਰੂ ਘਰ) ਤੇ ਸੰਪਰਕ ਕੀਤਾ ਜਾ ਸਕਦਾ ਹੈ। ਕਿਸੇ ਵੀ ਕਿਸਮ ਦੀ ਸੇਵਾ ਅਤੇ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਲਈ ਜੱਸੀ ਬੰਗਾ ਨਾਲ 916-796-5003 ਜਾਂ ਜੋਗਿੰਦਰ ਚੁੰਬਰ ਨਾਲ 916-439-4043 ਤੇ ਸੰਪਰਕ ਕਰੋ ਜੀ।

**ਜਾਰੀ ਕਰਤਾ- ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਤੇ ਸਮੂਹ ਸੰਗਤ**

# ਸ੍ਰੀ ਗੁਰੂ ਰਵਿਦਾਸ ਟੈਂਪਲ

6221-16th Street Rio Linda (Sacramento)
California- 95673 (Ph) 916-992-1710